# ਪੰਜਾਬੀ ਵਿਆਕਰਨ ਅਤੇ ਲੇਖ ਰਚਨਾ




–ਜਗਤਾਰ ਸਿੰਘ ਸੋਖੀ
–9417166386

Scanned by CamScanner

ਪੰਜਾਬੀ, ਪੰਜਾਬ ਪ੍ਰਾਂਤ ਦੀ ਰਾਜ ਭਾਸ਼ਾ ਹੈ। ਦੁਨੀਆ ਦੇ ਕਰੋੜਾਂ ਲੋਕ ਪੰਜਾਬੀ ਭਾਸ਼ਾ ਬੋਲਦੇ ਹਨ, ਲਿਖਦੇ ਹਨ ਅਤੇ ਪੜ੍ਹਦੇ ਹਨ। ਪੰਜਾਬੀ ਭਾਸ਼ਾ ਦੁਨੀਆ ਦੀਆਂ ਪੁਰਾਤਨ ਭਾਸ਼ਾਵਾਂ ਵਿੱਚੋਂ ਇੱਕ ਹੈ। ਜੇ ਅਸੀਂ ਗੁਰੂ ਸਾਹਿਬਾਨਾਂ ਜਾਂ ਉਸ ਤੋਂ ਪਹਿਲਾਂ ਦੀ ਪੰਜਾਬੀ ਵੱਲ ਝਾਤ ਮਾਰੀਏ ਤਾਂ ਉਸ ਸਮੇਂ ਦੀ ਪੰਜਾਬੀ ਅਤੇ ਹੁਣ ਦੀ ਪੰਜਾਬੀ ਵਿੱਚ ਬਹੁਤ ਅੰਤਰ ਸਪਸ਼ਟ ਨਜ਼ਰ ਆਉਂਦਾ ਹੈ। ਇਹ ਸਾਰਾ ਕੁਝ ਸਮੇਂ ਦੇ ਫੇਰ ਤੇ ਨਿਰਭਰ ਕਰਦਾ ਹੈ।

ਕਿਸੇ ਵੀ ਭਾਸ਼ਾ ਨੂੰ ਸਿੱਖਣ ਅਤੇ ਸਮਝਣ ਲਈ ਉਸ ਦੇ ਵਿਆਕਰਨਿਕ ਨਿਯਮਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਆਮ ਕਰਕੇ ਵਿਦਿਆਰਥੀ ਇਹ ਕਹਿੰਦੇ ਹਨ ਕਿ ਪੰਜਾਬੀ ਵਿਆਕਰਨ ਬੜਾ ਮੁਸ਼ਕਲ ਵਿਸ਼ਾ ਹੈ, ਪਰ ਸਚਾਈ ਇਹ ਹੈ ਕਿ ਇਹ ਇੱਕ ਅਸਾਨ ਤੇ ਰੋਚਕ ਵਿਸ਼ਾ ਹੈ। ਵਿਆਕਰਨਿਕ ਨਿਯਮਾਂ ਨੂੰ ਵਿਦਿਆਰਥੀਆਂ ਦੇ ਪੱਧਰ ਅਨੁਸਾਰ ਸਰਲ ਅਤੇ ਸਪਸ਼ਟ ਬਣਾ ਕੇ ਸਥਾਪਿਤ ਅਤੇ ਸਰਵ ਪ੍ਰਵਾਨਿਤ ਨਿਯਮਾਂ ਅਨੁਸਾਰ ਦਰਸਾਉਣ ਦੀ ਲੋੜ ਹੈ। ਕਿਸੇ ਵੀ ਭਾਸ਼ਾ ਦੀਆਂ ਤਰੁੱਟੀਆਂ ਨੂੰ ਦੂਰ ਕਰਨ ਲਈ ਵਿਆਕਰਨ ਨਿਯਮਾਂ ਦੀ ਲੋੜ ਪੈਂਦੀ ਹੈ। ਵਿਦਿਆਰਥੀਆਂ ਦੀ ਸਮਝ ਅਤੇ ਪੱਧਰ ਨੂੰ ਮੁੱਖ ਰੱਖਦਿਆਂ ਇਸ ਪੁਸਤਕ ਵਿੱਚ ਉਹਨਾਂ ਦੇ ਨਿੱਤ ਦੇ ਜੀਵਨ ਅਤੇ ਸਮਾਜ ਵਿੱਚ ਵਾਪਰ ਰਹੇ ਵਰਤਾਰੇ ਨੂੰ ਉਦਾਹਰਨਾ ਸਹਿਤ ਬਿਨਾਂ ਵਾਧੂ ਵਿਸਥਾਰ ਅਤੇ ਦੁਹਰਾਓ ਦੇ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ।


ਆਸ ਹੈ ਵਿਦਿਆਰਥੀ ਇਸ ਤੋਂ ਲਾਭ ਉਠਾਉਂਦੇ ਹੋਏ ਆਪਣੀ ਜਾਣਕਾਰੀ ਵਿੱਚ ਵਾਧਾ ਕਰਨ ਦੇ ਨਾਲ਼ ਨਾਲ਼ ਪੰਜਾਬੀ ਭਾਸ਼ਾ ਪ੍ਰਤੀ ਆਪਣੇ ਮੋਹ ਦਾ ਪ੍ਰਗਟਾਵਾ ਕਰਨਗੇ।

— ਜਗਤਾਰ ਸਿੰਘ ਸੋਖੀ

Scanned by CamScanner

ਵਿਆਕਰਨ : ਕਿਸੇ ਵੀ ਭਾਸ਼ਾ ਨੂੰ ਸ਼ੁੱਧ ਰੂਪ ਵਿੱਚ ਲਿਖਣ ਜਾਂ ਬੋਲਣ ਲਈ ਵਿਦਵਾਨਾਂ ਨੇ ਜੋ ਨਿਯਮ ਬਣਾਏ ਹਨ, ਉਹਨਾਂ ਨਿਯਮਾਂ ਦੇ ਸਮੂਹ ਨੂੰ ਵਿਆਕਰਨ ਕਿਹਾ ਜਾਂਦਾ ਹੈ। ਇਹ ਨਿਯਮ ਹੀ ਕਿਸੇ ਭਾਸ਼ਾ ਦਾ ਸ਼ੁੱਧ ਅਤੇ ਮਿਆਰੀ ਰੂਪ ਸਥਾਪਿਤ ਕਰਦੇ ਹਨ। ਕਿਸੇ ਵੀ ਖਿੱਤੇ ਦੀ ਬੋਲੀ ਦੇ ਲਿਖਤੀ ਰੂਪ ਤੋਂ ਬਾਅਦ ਹੀ ਵਿਆਕਰਨ ਬਣਾਈ ਜਾਂਦੀ ਹੈ। ਭਾਸ਼ਾ ਸੰਬੰਧੀ ਨਿਯਮ ਬਾਹਰੋਂ ਨਹੀਂ ਲਏ ਜਾਂਦੇ ਸਗੋਂ ਉਸੇ ਭਾਸ਼ਾ 'ਤੇ ਹੀ ਅਧਾਰਿਤ ਹੁੰਦੇ ਹਨ। ਇਸੇ ਕਰਕੇ ਹਰ ਭਾਸ਼ਾ ਦਾ ਆਪਣਾ ਵੱਖਰਾ ਵਿਆਕਰਨ ਹੁੰਦਾ ਹੈ। ਭਾਸ਼ਾ ਵਿੱਚ ਤਬਦੀਲੀ ਇੱਕ ਗਤੀਸ਼ੀਲ ਵਰਤਾਰਾ ਹੈ, ਇਸ ਕਾਰਨ ਸਮੇਂ ਦੇ ਬੀਤਣ ਨਾਲ਼ ਇਸ ਵਿੱਚ ਤਬਦੀਲੀਆਂ ਆਉਣ ਨਾਲ਼ ਵਿਆਕਰਨ ਦੇ ਨਿਯਮ ਵੀ ਬਦਲਦੇ ਰਹਿੰਦੇ ਹਨ। ਆਮ ਕਰਕੇ ਵਿਆਕਰਨ ਦੇ ਮੁੱਖ ਤੌਰ 'ਤੇ ਚਾਰ ਭਾਗ ਹਨ —

1. ਧੁਨੀ ਬੋਧ,
   ਅੱਖਰ-ਬੋਧ ਜਾਂ ਵਰਨ ਬੋਧ)
2. ਸ਼ਬਦ-ਬੋਧ
3 ਵਾਕ-ਬੋਧ।
4. ਅਰਥ-ਬੋਧ।




1. ਧੁਨੀ-ਬੋਧ : ਭਾਸ਼ਾ ਦੀ ਸਭ ਤੋਂ ਛੋਟੀ ਇਕਾਈ ਧੁਨੀ ਹੈ। ਬੋਲਣ ਵੇਲ਼ੇ ਮਨੁੱਖ ਮੂੰਹ ਵਿੱਚੋਂ ਜੋ ਅਵਾਜ਼ਾਂ ਕੱਢਦਾ ਹੈ, ਉਹਨਾਂ ਨੂੰ ਵਿਆਕਰਨ ਵਿੱਚ ਧੁਨੀਆ ਕਿਹਾ ਜਾਂਦਾ ਹੈ। ਭਾਸ਼ਾ ਧੁਨੀਆਂ ਦੇ ਸੁਮੇਲ ਤੋਂ ਬਣਦੀ ਹੈ। ਪੰਜਾਬੀ ਭਾਸ਼ਾ ਨੂੰ ਬੋਲਣ ਵੇਲ਼ੇ ਮੂੰਹ ਵਿੱਚੋਂ ਜੋ ਅਵਾਜ਼ਾਂ ਨਿਕਲਦੀਆਂ ਹਨ, ਉਹ ਪੰਜਾਬੀ ਦੀਆਂ ਧੁਨੀਆਂ ਹਨ। ਵਰਨ ਤੋਂ ਭਾਵ


Scanned by CamScanner

ਹੈ ਅੱਖਰ ਅਤੇ ਬੋਧ ਤੋਂ ਭਾਵ ਹੈ ਗਿਆਨ। ਵਰਨ ਬੋਧ ਵਿਆਕਰਨ ਦਾ ਉਹ ਅੰਗ ਹੈ; ਜਿਸ ਦੁਆਰਾ ਅੱਖਰਾਂ, ਅੱਖਰਾਂ ਦੇ ਉਚਾਰਨ, ਲਗਾ ਮਾਤਰਾ, ਲਗਾਖਰ ਤੇ ਸ਼ਬਦ ਜੋੜਾਂ ਦਾ ਅਧਿਐਨ ਕੀਤਾ ਜਾਂਦਾ ਹੈ

2 ਸ਼ਬਦ - ਬੋਧ : ਵਿਆਕਰਨ ਦੇ ਇਸ ਅੰਗ ਵਿੱਚ ਸ਼ਬਦ - ਬੋਧ ਰਾਹੀਂ ਸ਼ਬਦ ਵੰਡ, ਸ਼ਬਦ ਰਚਨਾ ਤੇ ਸ਼ਬਦ ਰੂਪਾਂਤਰ ਸੰਬੰਧੀ ਅਧਿਐਨ ਕੀਤਾ ਜਾਂਦਾ ਹੈ। ਇਸ ਵਿੱਚ ਭਾਸ਼ਾ ਦੀ ਸ਼ਬਦ ਰਚਨਾ, ਸ਼ਬਦ ਭੇਦ ਅਤੇ ਸ਼ਬਦ ਦੇ ਰੂਪਾਂ ਦਾ ਗਿਆਨ ਹੁੰਦਾ ਹੈ। ਇਸ ਵਿੱਚ ਲਗਾਂ ਅਤੇ ਅੱਖਰਾਂ ਦੇ ਮੇਲ ਤੋਂ ਸ਼ੁੱਧ ਸ਼ਬਦਾਂ ਦਾ ਨਿਰਮਾਣ ਕਰਨ ਦੀ ਜਾਣਕਾਰੀ ਮਿਲਦੀ ਹੈ।

3. ਵਾਕ - ਬੋਧ : ਵਿਆਕਰਨ ਦੇ ਇਸ ਭਾਗ ਦੁਆਰਾ ਅਸੀਂ ਸੰਬੰਧਿਤ ਭਾਸ਼ਾ ਦੀ ਵਾਕ ਰਚਨਾ, ਵਾਕ - ਵੰਡ, ਵਾਕ ਵਟਾਂਦਰਾ ਅਤੇ ਵਿਸਰਾਮ ਚਿੰਨ੍ਹ ਆਦਿ ਦੇ ਨਿਯਮਾਂ ਦਾ ਗਿਆਨ ਹਾਸਲ ਕਰਦੇ ਹਾਂ।

4. ਅਰਥ - ਬੋਧ ! ਵਿਆਕਰਨ ਦੇ ਇਸ ਭਾਗ ਵਿੱਚ ਵਾਕ - ਰਚਨਾ ਦੇ ਨਿਯਮਾਂ ਬਾਰੇ ਅਤੇ ਵਾਕਾਂ ਸੰਬੰਧੀ ਵਿਚਾਰ ਕੀਤੀ ਜਾਂਦੀ ਹੈ। ਇਸ ਵਿੱਚ ਵਿਰੋਧੀ ਸ਼ਬਦ, ਸਮਾਨਾਰਥਕ ਸ਼ਬਦ, ਬਹੁ - ਅਰਥਕ ਸ਼ਬਦ ਅਤੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਆਦਿ ਦੇ ਨਿਯਮਾਂ ਦਾ ਵੀ ਗਿਆਨ ਪ੍ਰਾਪਤ ਹੁੰਦਾ ਹੈ।




Scanned by CamScanner

# ਅਭਿਆਸ

1. ਉੱਤਰ ਦਿਓ :

(ੳ) ਵਿਆਕਰਨ ਕਿਸ ਨੂੰ ਕਹਿੰਦੇ ਹਨ?

(ਅ) ਵਿਆਕਰਨ ਦੇ ਕਿੰਨੇ ਭਾਗ ਹਨ?

(ੲ) ਵਰਨ-ਬੋਧ ਤੋਂ ਕੀ ਭਾਵ ਹੈ?

(ਸ) ਵਾਕ-ਬੋਧ ਤੋਂ ਕੀ ਭਾਵ ਹੈ?

2. ਖ਼ਾਲੀ ਥਾਵਾਂ ਭਰੋ :-

(ੳ) ਵਿਆਕਰਨ ਦੇ ........ ਅੰਗ ਹਨ।

(ਅ) ਬੋਲੀ ਨੂੰ ਸ਼ੁੱਧ ਰੂਪ ਦੇਣ ਲਈ ਅਸੀਂ ......... ਦੀ ਸਹਾਇਤਾ ਲੈਂਦੇ ਹਾਂ।

(ੲ) ਵਿਆਕਰਨ ਦੇ ਜਿਸ ਅੰਗ ਤੋਂ ਸ਼ਬਦ ਵੰਡ, ਸ਼ਬਦ ਰਚਨਾ ਤੇ ਸ਼ਬਦ ਰੂਪਾਂਤਰ ਦਾ ਅਧਿਐਨ ਹੁੰਦਾ ਹੈ ਨੂੰ ....... ਕਿਹਾ ਜਾਂਦਾ ਹੈ।

(ਸ) ਵਿਆਕਰਨ ਭਾਸ਼ਾ ਨੂੰ ਸਹੀ ਤਰੀਕੇ ਨਾਲ਼ ਬੋਲਣਾ, ਪੜ੍ਹਨਾ ਅਤੇ .......... ਸਿਖਾਉਂਦਾ ਹੈ।

3. ਠੀਕ ਵਾਕਾਂ ਦੇ ਸਾਹਮਣੇ (✓) ਅਤੇ ਗ਼ਲਤ ਵਾਕਾਂ ਦੇ ਸਾਹਮਣੇ (×) ਨਿਸ਼ਾਨ ਲਗਾਓ :-

(ੳ) ਵਿਆਕਰਨ ਦੁਆਰਾ ਅਸੀਂ ਸ਼ੁੱਧ ਲਿਖਣਾ ਸਿੱਖਦੇ ਹਾਂ। .......

(ਅ) ਵਿਆਕਰਨ ਦੇ ਛੇ ਭੇਦ ਹੁੰਦੇ ਹਨ। ......

(ੲ) ਵਿਆਕਰਨ ਦੀ ਜ਼ਰੂਰਤ ਭਾਸ਼ਾ ਵਿੱਚ ਹੁੰਦੀ ਹੈ। ......

(ਸ) ਅਰਥ-ਬੋਧ ਵਿਆਕਰਨ ਦਾ ਅੰਗ ਨਹੀਂ ਹੈ। ......

(4) ਸੋਚ ਕੇ ਲਿਖੋ :

(ੳ) ਭਾਸ਼ਾ ਦੀ ਸਭ ਤੋਂ ਛੋਟੀ ਇਕਾਈ ਕਿਹੜੀ ਹੈ? ..............

(ਅ) ਵਰਨ ਤੋਂ ਕੀ ਭਾਵ ਹੈ? ..............

(ੲ) ਸ਼ਬਦ-ਬੋਧ ਰਾਹੀਂ ਕਿਸ ਦਾ ਗਿਆਨ ਹੁੰਦਾ ਹੈ? ..............

(ਸ) ਵਾਕ-ਬੋਧ ਰਾਹੀਂ ਸਾਨੂੰ ਕਿਹੜੇ ਚਿੰਨ੍ਹਾਂ ਦੇ ਨਿਯਮਾਂ ਦਾ ਗਿਆਨ ਹੁੰਦਾ ਹੈ? ..............



Scanned by CamScanner

# ਭਾਸ਼ਾ ਜਾਂ ਬੋਲੀ

ਦੁਨੀਆ ਵਿੱਚ ਕੇਵਲ ਮਨੁੱਖ ਵਿੱਚ ਹੀ ਸੋਚਣ ਅਤੇ ਸਮਝਣ ਦੀ ਸ਼ਕਤੀ ਹੈ। ਉਹ ਆਪਣੇ ਭਾਵਾਂ ਜਾਂ ਵਿਚਾਰਾ ਨੂੰ ਦੂਜਿਆਂ ਅੱਗੇ ਬੋਲ ਕੇ ਜਾਂ ਲਿਖ ਕੇ ਪ੍ਰਗਟ ਕਰ ਸਕਦਾ ਹੈ। ਭਾਸ਼ਾ ਜਾਂ ਬੋਲੀ ਇੱਕ ਅਜਿਹਾ ਸਾਧਨ ਹੈ, ਜਿਸ ਰਾਹੀਂ ਮਨੁੱਖ ਆਪਣੇ ਵਿਚਾਰਾਂ ਜਾਂ ਭਾਵਾਂ ਨੂੰ ਦੂਜੇ ਮਨੁੱਖਾਂ ਨਾਲ਼ ਸਾਂਝਾ ਕਰਦਾ ਹੈ। ਪਹਿਲੇ ਪਹਿਲ ਤਾਂ ਮਨੁੱਖ ਆਪਣੇ ਭਾਵਾਂ ਨੂੰ ਇਸ਼ਾਰਿਆਂ ਨਾਲ਼ ਜਾਂ ਤਸਵੀਰਾਂ ਵਾਹ ਕੇ ਪ੍ਰਗਟ ਕਰਦਾ ਸੀ। ਹੌਲ਼ੀ ਹੌਲ਼ੀ ਭਾਸ਼ਾ ਦਾ ਅਜੋਕਾ ਰੂਪ ਹੋਂਦ ਵਿੱਚ ਆਇਆ। ਸੰਸਾਰ ਦੇ ਵੱਖ-ਵੱਖ ਦੇਸ਼ਾਂ ਅਤੇ ਪ੍ਰਦੇਸ਼ਾ ਵਿੱਚ ਰਹਿੰਦੇ ਲੋਕ ਵੱਖ-ਵੱਖ ਭਾਸ਼ਾਵਾਂ ਬੋਲਦੇ ਹਨ। ਉਹਨਾਂ ਦੇ ਇਲਾਕੇ ਦੇ ਨਾਮ ਤੇ ਹੀ ਆਮ ਕਰਕੇ ਉਹਨਾਂ ਦੀ ਬੋਲੀ ਦਾ ਨਾਮ ਪੈ ਜਾਂਦਾ ਹੈ। ਮੂਲ ਰੂਪ ਵਿੱਚ ਭਾਸ਼ਾ ਮੌਖਿਕ ਰਹੀ ਹੈ। ਬੋਲੀ ਸ਼ਬਦ ਵੀ ਬੋਲ ਤੋਂ ਬਣਿਆ ਹੈ। ਹੌਲੀ ਹੌਲੀ ਲਿਪੀ ਵਿਕਸਿਤ ਹੋਈ ਅਤੇ ਭਾਸ਼ਾ ਬੋਲਣ ਦੇ ਨਾਲ਼-ਨਾਲ਼ ਲਿਖੀ ਵੀ ਜਾਣ ਲੱਗੀ।

**ਭਾਸ਼ਾ ਜਾਂ ਬੋਲੀ ਇੱਕ ਅਜਿਹਾ ਸਾਧਨ ਹੈ, ਜਿਸ ਰਾਹੀਂ ਅਸੀਂ ਆਪਣੇ ਮਨ ਦੇ ਭਾਵਾਂ ਅਤੇ ਵਿਚਾਰਾਂ ਨੂੰ ਇੱਕ-ਦੂਜੇ ਨਾਲ਼ ਸਾਂਝੇ ਕਰਦੇ ਹਾਂ**

ਭਾਸ਼ਾ ਜਾਂ ਬੋਲੀ ਦੀਆਂ ਦੋ ਕਿਸਮਾਂ ਹਨ -






Scanned by CamScanner

1. ਆਮ ਬੋਲ-ਚਾਲ ਦੀ ਭਾਸ਼ਾ :- ਆਮ ਲੋਕਾਂ ਦੀ ਬੋਲੀ ਬੋਲ-ਚਾਲ ਦੀ ਬੋਲੀ ਅਖਵਾਉਂਦੀ ਹੈ। ਜਿਹੜੀ ਬੋਲੀ ਜਾਂ ਭਾਸ਼ਾ ਦੀ ਵਰਤੋਂ ਰੋਜ਼ਾਨਾ ਜ਼ਿੰਦਗੀ ਵਿੱਚ ਆਮ ਗੱਲ-ਬਾਤ ਕਰਨ ਸਮੇਂ ਕੀਤੀ ਜਾਵੇ, ਉਸ ਨੂੰ ਆਮ ਬੋਲ-ਚਾਲ ਦੀ ਭਾਸ਼ਾ ਕਿਹਾ ਜਾਂਦਾ ਹੈ। ਕਹਾਵਤ ਹੈ ਕਿ ਬੋਲੀ ਹਰ ਬਾਰਾਂ ਕੋਹਾਂ ਤੇ ਬਦਲ ਜਾਂਦੀ ਹੈ, ਇਹੀ ਕਾਰਨ ਹੈ ਕਿ ਇੱਕ ਹੀ ਪ੍ਰਦੇਸ਼ ਦੀ ਬੋਲੀ ਵਿੱਚ ਕਈ ਉਪ-ਬੋਲੀਆਂ ਪੈਦਾ ਹੋ ਜਾਂਦੀਆਂ ਹਨ। ਇਹਨਾਂ ਨੂੰ ਉਪ-ਭਾਸ਼ਾਵਾਂ ਕਿਹਾ ਜਾਂਦਾ ਹੈ।

2. ਲਿਖਤੀ, ਸਾਹਿਤਕ ਜਾਂ ਟਕਸਾਲੀ ਭਾਸ਼ਾ :- ਜਿਹੜੀ ਬੋਲੀ ਜਾਂ ਭਾਸ਼ਾ ਦੀ ਵਰਤੋਂ ਲਿਖਣ ਸਮੇਂ ਕੀਤੀ ਜਾਂਦੀ ਹੈ, ਉਸ ਨੂੰ ਲਿਖਤੀ / ਟਕਸਾਲੀ ਜਾਂ ਸਾਹਿਤਕ ਭਾਸ਼ਾ ਕਿਹਾ ਜਾਂਦਾ ਹੈ। ਇਹ ਸਰਕਾਰੀ ਦਫ਼ਤਰਾਂ ਦੀ ਬੋਲੀ ਵੀ ਅਖਵਾਉਂਦੀ ਹੈ। ਸਾਹਿਤਕ ਬੋਲੀ ਵਿਆਕਰਨ ਦੇ ਨਿਯਮਾਂ ਵਿੱਚ ਬੱਝੀ ਹੁੰਦੀ ਹੈ।

## ਪੰਜਾਬੀ ਦੀਆਂ ਉਪ-ਭਾਸ਼ਾਵਾਂ

ਬੋਲੀ ਇੱਕ ਮੌਖਿਕ ਸਾਧਨ ਹੈ ਜੋ ਕਦੇ ਵੀ ਖਤਮ ਨਹੀਂ ਹੁੰਦੀ। ਇਲਾਕਾਈ ਭਿੰਨਤਾਵਾਂ ਕਾਰਨ ਭਾਵੇਂ ਇਸ ਦੇ ਉਚਾਰਨ ਵਿੱਚ ਫ਼ਰਕ ਆ ਜਾਂਦਾ ਹੈ। ਇਸੇ ਉਚਾਰਨ ਦੇ ਫ਼ਰਕ ਕਾਰਨ ਸ਼ਬਦ ਰੂਪਾਂ ਵਿੱਚ ਥੋੜ੍ਹਾ ਥੋੜ੍ਹਾ ਵਿਖਰੇਵਾਂ ਭਾਸ਼ਾ ਦੀਆਂ ਉਪ-ਬੋਲੀਆਂ ਨੂੰ ਜਨਮ ਦਿੰਦਾ ਹੈ। ਕਿਸੇ ਵੀ ਬੋਲੀ ਵਿੱਚ ਉਸ ਇਲਾਕੇ ਦੇ ਕੁਝ ਭੂਗੋਲਿਕ ਕਾਰਨਾ ਕਰਕੇ ਵਿਲੱਖਣਤਾ ਆਉਣਾ ਕੁਦਰਤੀ ਹੈ। ਇਸ ਤਰ੍ਹਾਂ ਉਸ ਇਲਾਕੇ ਵਿੱਚ ਕੁੱਝ ਖ਼ਾਸ ਸ਼ਬਦ ਪ੍ਰਚੱਲਿਤ ਹੋ ਜਾਂਦੇ ਹਨ।

ਮੌਜੂਦਾ ਸਮੇਂ ਪੰਜਾਬੀ ਭਾਸ਼ਾ ਦੀਆਂ ਵੱਖ-ਵੱਖ ਇਲਾਕਿਆਂ ਵਿੱਚ 26 ਉਪ-ਬੋਲੀਆਂ ਬੋਲੀਆਂ ਜਾਂਦੀਆਂ ਹਨ। ਇਹਨਾਂ ਦੇ ਵਿਆਕਰਨ ਨੇਮ ਸਮੁੱਚੇ ਤੌਰ ਤੇ ਇੱਕੋ ਜਿਹੇ ਹੀ ਹਨ। ਵਿਆਕਰਨਿਕ ਸਾਂਝ ਹੀ ਸਾਰੀਆਂ ਉਪ-ਬੋਲੀਆਂ ਨੂੰ ਇੱਕ ਸੂਤਰ ਵਿੱਚ ਬੰਨ੍ਹਦੀ ਹੈ।

ਪੰਜਾਬੀ ਦੀਆਂ ਉਪ-ਬੋਲੀਆਂ ਦਾ ਵੇਰਵਾ ਇਸ ਪ੍ਰਕਾਰ ਹੈ -

1. ਮਾਝੀ ! ਪੰਜਾਬੀ ਦੀ ਟਕਸਾਲੀ ਬੋਲੀ ਮਾਝੀ ਮੰਨੀ ਗਈ ਹੈ। ਲਿਖਤ ਪੜ੍ਹਤ ਅਤੇ ਵਿਆਕਰਨ ਦੇ ਨਿਯਮ ਇਸ ਨੂੰ ਮੁੱਖ ਰੱਖ ਕੇ ਘੜੇ ਗਏ ਹਨ। ਮਾਝੀ ਉਪ-ਬੋਲੀ ਅਣਵੰਡੇ ਪੰਜਾਬ ਪ੍ਰਾਂਤ ਦੀ ਕੇਂਦਰੀ ਬੋਲੀ ਅਖਵਾਉਂਦੀ ਹੈ। ਮਾਝੀ ਉਪ-ਬੋਲੀ ਭਾਰਤ ਵਿੱਚ ਪੰਜਾਬ ਪ੍ਰਾਂਤ ਦੇ ਸ੍ਰੀ ਅੰਮ੍ਰਿਤਸਰ ਸਾਹਿਬ, ਤਰਨਤਾਰਨ, ਗੁਰਦਾਸਪੁਰ ਜ਼ਿਲ੍ਹਿਆਂ ਅਤੇ ਸਤਲੁਜ ਦਰਿਆ ਦੇ ਨਾਲ-ਨਾਲ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਕੁੱਝ ਇਲਾਕਿਆਂ ਤੋਂ ਇਲਾਵਾ ਪਾਕਿਸਤਾਨ ਦੇ ਲਾਹੌਰ, ਸ਼ੇਖ਼ੂਪੁਰਾ (ਸ੍ਰੀ ਨਨਕਾਣਾ ਸਾਹਿਬ), ਕਸੂਰ, ਉਕਾੜਾ, ਫ਼ੈਸਲਾਬਾਦ, ਗੁਜਰਾਂਵਾਲ਼ਾ, ਵਜ਼ੀਰਾਬਾਦ, ਸਿਆਲਕੋਟ, ਨਾਰੋਵਾਲ, ਗੁਜਰਾਤ, ਜਿਹਲਮ, ਪਾਕਪਟਨ, ਵਿਹਾੜੀ, ਸਾਹੀਵਾਲ, ਮੰਡੀ ਬਹਾਉਦੀਨ ਅਤੇ ਚਿਨਿਓਟ ਜ਼ਿਲ੍ਹਿਆਂ ਦੇ ਇਲਾਕਿਆਂ ਵਿੱਚ ਬੋਲੀ ਜਾਂਦੀ ਹੈ। ਮਾਝੀ ਉੱਚੇ ਸੁਰ ਵਾਲੀ ਬੋਲੀ ਹੈ।

Scanned by CamScanner

2. ਮਲਵਈ :-'ਮਾਲਵਾ' ਇਲਾਕੇ ਦੀ ਬੋਲੀ। ਮਾਲਵਾ ਨਾਮ ਦਾ ਇੱਕ ਖਿੱਤਾ ਮੱਧ ਪ੍ਰਦੇਸ਼ ਵਿੱਚ ਵੀ ਹੈ ਪਰ ਉੱਥੇ ਪੰਜਾਬੀ ਨਹੀਂ ਬੋਲੀ ਜਾਂਦੀ। ਪੰਜਾਬੀ ਦੀ ਉਪ ਬੋਲੀ 'ਮਲਵਈ' ਭਾਰਤੀ ਪੰਜਾਬ ਵਿੱਚ ਸਤਲੁਜ ਦਰਿਆ ਦੇ ਦੱਖਣ ਵੱਲ ਦੇ ਇਲਾਕੇ ਵਿੱਚ ਬੋਲੀ ਜਾਂਦੀ ਹੈ। ਇਹ ਫ਼ਿਰੋਜ਼ਪੁਰ, ਲੁਧਿਆਣਾ, ਪਟਿਆਲਾ, ਫ਼ਰੀਦਕੋਟ, ਮੋਗਾ, ਮੁਕਤਸਰ, ਬਠਿੰਡਾ, ਸੰਗਰੂਰ, ਬਰਨਾਲਾ, ਮਾਨਸਾ ਅਤੇ ਫ਼ਾਜ਼ਿਲਕਾ ਜ਼ਿਲ੍ਹੇ ਦੇ ਕੁੱਝ ਇਲਾਕੇ ਵਿੱਚ ਬੋਲੀ ਜਾਂਦੀ ਹੈ। ਬਠਿੰਡੇ ਤੋਂ ਉੱਤਰ ਵਾਲ਼ੇ ਪਾਸੇ ਦੀ ਬੋਲੀ ਨੂੰ ਉਤਾੜ ਮਲਵਈ ਅਤੇ ਫ਼ਰੀਦਕੋਟ ਦੇ ਸਾਦਿਕ ਵੱਲ ਦੇ ਪਾਸੇ ਹਿਠਾੜ ਮਲਵਈ ਬੋਲੀ ਜਾਂਦੀ ਹੈ। ਪਾਕਿਸਤਾਨ ਦੇ ਬਹਾਵਲਪੁਰ ਦੇ ਕੁੱਝ ਹਿੱਸੇ ਵਿੱਚ ਵੀ ਮਲਵਈ ਬੋਲੀ ਜਾਂਦੀ ਹੈ। ਮਲਵਈ ਅਰਧ ਉੱਚੇ ਸੁਰ ਵਾਲ਼ੀ ਬੋਲੀ ਹੈ।

3. ਦੋਆਬੀ:- ਦੋ ਦਰਿਆਵਾਂ ਦੇ ਵਿਚਕਾਰਲੇ ਇਲਾਕੇ ਨੂੰ ਦੋਆਬਾ ਕਿਹਾ ਜਾਂਦਾ ਹੈ। ਇਸ ਇਲਾਕੇ ਦੀ ਬੋਲੀ ਨੂੰ ਦੋਆਬੀ ਕਹਿੰਦੇ ਹਨ। ਪੰਜਾਬੀ ਦੀ ਇਹ ਉਪ ਬੋਲੀ ਧੀਮੀ ਸੁਰ ਵਾਲ਼ੀ ਮਿੱਠੀ ਬੋਲੀ ਹੈ। ਇਹ ਸਤਲੁਜ ਅਤੇ ਬਿਆਸ ਦਰਿਆ ਦੇ ਵਿਚਕਾਰਲੇ ਇਲਾਕੇ ਜਲੰਧਰ, ਹੁਸ਼ਿਆਰਪੁਰ, ਨਵਾਂ ਸ਼ਹਿਰ ਅਤੇ ਕਪੂਰਥਲਾ ਜ਼ਿਲ੍ਹਿਆਂ ਵਿੱਚ ਬੋਲੀ ਜਾਂਦੀ ਹੈ।

4. ਪੁਆਧੀ :- ਇਹ ਪੰਜਾਬੀ ਦੀ ਉਪ ਬੋਲੀ ਸ਼ਿਵਾਲਿਕ ਦੀਆ ਪਹਾੜੀਆਂ ਦੇ ਪੈਰਾਂ ਵਿੱਚ ਸਤਲੁਜ ਅਤੇ ਘੱਗਰ ਦਰਿਆ ਦੇ ਵਹਿਣ ਦੇ ਇਲਾਕੇ ਵਿੱਚ ਬੋਲੀ ਜਾਂਦੀ ਹੈ। ਇਹ ਭਾਰਤੀ ਪੰਜਾਬ ਦੇ ਪਟਿਆਲਾ, ਫ਼ਤਿਹਗੜ੍ਹ ਸਾਹਿਬ, ਰੋਪੜ (ਰੂਪ ਨਗਰ), ਮੁਹਾਲੀ (ਸਾਹਿਬਜ਼ਾਦਾ ਅਜੀਤ ਸਿੰਘ ਨਗਰ) ਜ਼ਿਲ੍ਹਿਆਂ, ਸ੍ਰੀ ਆਨੰਦਪੁਰ ਸਾਹਿਬ, ਸਮਰਾਲਾ ਤਹਿਸੀਲਾਂ ਅਤੇ ਸੰਗਰੂਰ ਜ਼ਿਲ੍ਹੇ ਦੇ ਕੁਝ ਇਲਾਕੇ ਅਤੇ ਚੰਡੀਗੜ੍ਹ ਤੋਂ ਇਲਾਵਾ ਪੰਜਾਬ ਤੋਂ ਬਾਹਰ ਹਰਿਆਣਾ ਦੇ ਅੰਬਾਲਾ, ਕਰੂਕਸ਼ੇਤਰ, ਕੈਥਲ ਅਤੇ ਹਿਮਾਚਲ ਪ੍ਰਦੇਸ਼ ਦੇ ਸਿਰਮੌਰ ਦੇ ਇਲਾਕੇ ਵਿੱਚ ਵੀ ਬੋਲੀ ਜਾਂਦੀ ਹੈ। ਇਹ ਮਸਤ ਬੇਪਰਵਾਹ ਅਤੇ ਖੁੱਲ੍ਹੇ ਡੁੱਲ੍ਹੇ ਸੁਭਾਅ ਨੂੰ ਪ੍ਰਗਟ ਕਰਨ ਵਾਲੀ ਬੋਲੀ ਹੈ।

5. ਬਾਗੜੀ :- ਪੰਜਾਬ ਦੇ ਦੱਖਣ ਵੱਲ ਬਾਂਗਰ ਦੇਸ ਦੇ ਖਿੱਤੇ ਜੋ ਕਿ ਹੁਣ ਰਾਜਸਥਾਨ ਦੇ ਨਾਲ਼ ਲੱਗਦਾ ਇਲਾਕਾ ਹੈ, ਉੱਥੇ ਇਹ ਪੰਜਾਬੀ ਦੀ ਉਪ ਬੋਲੀ ਬਾਗੜੀ ਬੋਲੀ ਜਾਂਦੀ ਹੈ। ਅੱਜਕੱਲ੍ਹ, ਰਾਜਸਥਾਨੀ ਮੂਲ ਦੇ ਲੋਕਾਂ ਵੱਲੋਂ ਬਾਗੜੀ ਨੂੰ ਰਾਜਸਥਾਨੀ ਦੀ ਉਪ ਬੋਲੀ ਪ੍ਰਚਾਰਿਆ ਜਾਣ ਲੱਗਾ ਹੈ। ਇਹ ਪੰਜਾਬ ਦੇ ਅੱਧ ਰੇਤੀਲੇ ਇਲਾਕੇ ਮੁਕਤਸਰ, ਫ਼ਾਜ਼ਿਲਕਾ, ਅਬੋਹਰ, ਰਾਜਸਥਾਨ ਦੇ ਸ੍ਰੀ ਗੰਗਾਨਗਰ, ਚੁਰੂ, ਝੁਨਝੁਨੂ, ਹਨੂੰਮਾਨਗੜ੍ਹ, ਹਰਿਆਣਾ ਦੇ ਸਿਰਸਾ, ਫ਼ਤਿਆਬਾਦ, ਹਿਸਾਰ, ਭਵਾਨੀ ਅਤੇ ਪਾਕਿਸਤਾਨ ਦੇ ਬਹਾਵਲਪੁਰ ਦੇ ਕੁੱਝ ਇਲਾਕਿਆਂ ਵਿੱਚ ਬੋਲੀ ਜਾਂਦੀ ਹੈ।

Scanned by CamScanner

6. ਭਟਨੇਰੀ :- ਭੱਟੀਰਾਓ ਰਾਜੇ ਦੇ ਵਸਾਏ ਨਗਰ ਭਟਨੇਰ, ਜੋ ਹੁਣ ਬੀਕਾਨੇਰ ਵਿੱਚ ਹਨੂੰਮਾਨਗੜ੍ਹ ਦੇ ਨਾਮ ਤੇ ਪ੍ਰਸਿੱਧ ਹੈ, ਜ਼ਿਲ੍ਹੇ 'ਚ ਥੋੜ੍ਹੇ ਜਿਹੇ ਇਲਾਕੇ ਵਿੱਚ ਇੱਕ ਕਬੀਲੇ ਦੀ ਬੋਲੀ ਹੈ।

7. ਕਾਂਗੜੀ:- ਇਹ ਦਰਿਆ ਰਾਵੀ ਅਤੇ ਬਿਆਸ ਦੇ ਪਹਾੜੀ ਇਲਾਕੇ ਵਿੱਚ ਬਣੇ ਦੋਆਬੇ ਵਿੱਚ ਕਾਂਗੜੇ (ਹਿਮਾਚਲ ਪ੍ਰਦੇਸ਼) ਦੇ ਆਲ਼ੇ ਦੁਆਲੇ, ਚੰਬਾ, ਹਮੀਰਪੁਰ, ਊਨਾ ਅਤੇ ਪੰਜਾਬ ਦੇ ਹੁਸ਼ਿਆਰਪੁਰ ਦੇ ਕੁੱਝ ਇਲਾਕਿਆ ਵਿੱਚ ਬੋਲੀ ਜਾਂਦੀ ਹੈ।

8. ਚੰਬਿਆਲੀ :- ਇਹ ਚੰਬੇ ਦੇਸ (ਹਿਮਾਚਲ ਪ੍ਰਦੇਸ਼) ਵਿੱਚ ਰਾਵੀ ਦਰਿਆ ਦੇ ਨਾਲ਼ ਨਾਲ਼, ਅਰਧ ਪਹਾੜੀ ਇਲਾਕਿਆਂ ਵਿੱਚ ਗੱਦੀ ਅਤੇ ਚੰਬੇ ਦੇ ਲੋਕ ਬੋਲਦੇ ਹਨ।

9. ਡੋਗਰੀ:- ਇਹ ਬੋਲੀ ਲੰਮੇ ਸਮੇਂ ਤੋਂ ਪੰਜਾਬੀ ਦੀ ਉਪ ਬੋਲੀ ਮੰਨੀ ਜਾਂਦੀ ਰਹੀ ਹੈ, ਪਰ ਹੁਣ ਇਸ ਨੂੰ ਭਾਰਤੀ ਸੰਵਿਧਾਨ ਦੀ ਅੱਠਵੀਂ ਅਨੁਸੂਚੀ ਵਿੱਚ ਦਰਜ ਭਾਰਤੀ ਭਾਸ਼ਾਵਾਂ ਦੇ ਨਾਲ਼ ਇੱਕ ਸੁਤੰਤਰ ਭਾਸ਼ਾ ਵਜੋਂ ਮਾਨਤਾ ਦਿੱਤੀ ਗਈ ਹੈ। ਇਹ ਬੋਲੀ ਪੀਰ-ਪੰਜਾਲ ਤੇ ਧੌਲੀਧਾਰ ਦੀਆਂ ਪਹਾੜੀਆਂ ਦੇ ਵਿਚਕਾਰ ਪੈਂਦੇ ਪਹਾੜੀ ਅਤੇ ਨੀਮ ਪਹਾੜੀ ਇਲਾਕਿਆਂ ਅਤੇ ਨਾਲ਼ ਲੱਗਦੇ ਮੈਦਾਨੀ ਇਲਾਕਿਆਂ ਦੇ ਕੁਝ ਹਿੱਸੇ ਅਤੇ ਪਠਾਨਕੋਟ ਤੋਂ ਇਲਾਵਾ ਜੰਮੂ ਅਤੇ ਕਸ਼ਮੀਰ ਪ੍ਰਾਂਤ ਦੇ ਜ਼ਿਲ੍ਹਿਆਂ - ਜੰਮੂ, ਕਠੂਆ, ਊਧਮਪੁਰ, ਡੋਡਾ, ਪੁਣਛ, ਕਿਸ਼ਤਵਾੜ, ਰਿਆਸੀ, ਸਾਂਬਾ, ਰਾਮਬਣ ਅਤੇ ਰਜੌਰੀ ਵਿੱਚ ਬੋਲੀ ਜਾਂਦੀ ਹੈ। ਡੋਗਰੀ ਦਾ ਮੁੱਖ ਕੇਂਦਰ ਜੰਮੂ ਜ਼ਿਲ੍ਹਾ ਹੈ। ਇਹ ਦਰਿਆ ਰਾਵੀ, ਝਨਾਂ, ਤਵੀ ਅਤੇ ਉਜ ਦਰਿਆ ਦੇ ਖੇਤਰ ਵਿੱਚ ਬੋਲੀ ਜਾਂਦੀ ਹੈ।

10. ਪਹਾੜੀ :- ਇਹ ਪਹਾੜੀ ਘਾਟੀਆਂ ਵਿੱਚ ਭਾਰਤ ਦੇ ਕਸ਼ਮੀਰ, ਪੁਣਛ ਅਤੇ ਪਾਕਿਸਤਾਨ ਦੇ(ਕਸ਼ਮੀਰ ਦੀ ਹੱਦ ਦੇ ਨਾਲ਼) ਪੋਠੋਹਾਰ ਦੇ ਹੇਠਲੇ ਇਲਾਕੇ, ਮਰੀ ਦੀਆਂ ਪਹਾੜੀਆਂ, ਗਿਲਗਿਤ ਦੇ ਇਲਾਕੇ ਵਿੱਚ ਬੋਲੀ ਜਾਂਦੀ ਹੈ।

11. ਬਿਲਾਸਪੁਰੀ / ਕਹਿਲੂਰੀ :- ਇਹ ਕਹਿਲੂਰ ਦੀਆਂ ਪਹਾੜੀਆਂ ਵਿੱਚ ਸਤਲੁਜ ਦਰਿਆ ਦੇ ਖੱਬੇ ਕਿਨਾਰੇ ਅਤੇ ਬਿਲਾਸਪੁਰ ਜ਼ਿਲ੍ਹੇ, ਸਮੇਤ ਪੰਜਾਬ ਦੇ ਜ਼ਿਲ੍ਹਾ ਰੂਪਨਗਰ (ਰੋਪੜ) ਦੇ ਕੁੱਝ ਇਲਾਕੇ ਅਤੇ ਸ੍ਰੀ ਆਨੰਦਪੁਰ ਸਾਹਿਬ ਤਹਿਸੀਲ ਦੇ ਕੁੱਝ ਪਿੰਡਾਂ ਵਿੱਚ ਬੋਲੀ ਜਾਂਦੀ ਹੈ। ਇਹ ਬਿਲਾਸਪੁਰ ਦੀ ਪੁਰਾਣੀ ਰਿਆਸਤ ਦੇ ੪੪੮ ਵਰਗਮੀਲ ਰਕਬੇ ਵਿੱਚ ਬੋਲੀ ਜਾਂਦੀ ਹੈ।

ਇਹ ਸਾਰੀਆਂ ਉਪ ਬੋਲੀਆਂ ਭਾਰਤੀ ਪੰਜਾਬ ਅਤੇ ਭਾਰਤ ਦੇ ਹੋਰ ਸੂਬਿਆਂ ਹੇਠਲੇ ਖੇਤਰਾਂ ਅਤੇ ਪਾਕਿਸਤਾਨ ਦੇ ਕੁੱਝ ਇਲਾਕਿਆਂ ਵਿੱਚ ਵੀ ਬੋਲੀਆਂ ਜਾਂਦੀਆਂ ਨੇ। ਪੰਜਾਬੀ ਦੀਆ ਕੁੱਝ ਹੋਰ ਉਪ ਬੋਲੀਆਂ ਜੋ ਹੁਣ ਪਾਕਿਸਤਾਨ ਦੇ ਇਲਾਕੇ ਵਿੱਚ ਹੀ ਬੋਲੀਆਂ ਜਾਂਦੀਆਂ ਨੇ, ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਜਾਵੇਗੀ ਤਾਂ ਜੋ ਅਸੀਂ ਪੰਜਾਬੀ ਦੀਆਂ ਸਾਰੀਆਂ ਵੱਖ-ਵੱਖ ਉਪ ਬੋਲੀਆਂ ਬਾਰੇ ਜਾਣ ਸਕੀਏ।

ਜਗਤਾਰ ਸਿੰਘ ਸੋਖੀ

Scanned by CamScanner

# ਥਲ ਦੀਆਂ ਬੋਲੀਆਂ (ਪੰਜਾਬੀ ਦੀਆਂ ਉਪ ਬੋਲੀਆਂ)

12. ਲਹਿੰਦੀ ਜਾਂ ਸਰਾਇਕੀ :- ਇਹ ਬੋਲੀ ਸਿੰਧ ਦਰਿਆ ਦੇ ਨਾਲ਼ ਲੱਗਦੇ ਖਿੱਤੇ, ਮੁਲਤਾਨ ਸ਼ਹਿਰ ਦੇ ਇਲਾਕੇ ਵਿੱਚ ਬੋਲੀ ਜਾਂਦੀ ਹੈ। ਇਸ ਬੋਲੀ ਨੂੰ ਪੱਛਮੀਂ ਪੰਜਾਬ ਵਿੱਚ ਮੁਲਤਾਨ, ਮੁਜ਼ੱਫ਼ਰਗੜ੍ਹ, ,ਲਿਆਹ, ਡੇਰਾ ਗ਼ਾਜ਼ੀ ਖ਼ਾਂ, ਰਹੀਮਯਾਰ ਖ਼ਾਂ, ਲੋਧੜਾਂ ਤੇ ਰਾਠੀ ਦੇ ਇਲਾਕਿਆਂ ਅਤੇ ਭਾਰਤ (ਪੂਰਬੀ-ਪੰਜਾਬ) ਵਿੱਚ 1947 ਦੀ ਵੰਡ ਤੋਂ ਬਾਅਦ ਅੰਮ੍ਰਿਤਸਰ ਅਤੇ ਪਟਿਆਲੇ ਤੋਂ ਇਲਾਵਾ ਦਿੱਲੀ ਆ ਕੇ ਵਸੇ ਪਰਿਵਾਰਾਂ ਵਿੱਚ ਬੋਲਿਆ ਜਾਂਦਾ ਹੈ।

13. ਰਿਆਸਤੀ :- ਬਹਾਵਲਪੁਰ ਰਿਆਸਤ ਜੋ ਹੁਣ ਪਾਕਿਸਤਾਨ ਵਿੱਚ ਹੈ, ਦੀ ਬੋਲੀ ਨੂੰ ਰਿਆਸਤੀ ਬੋਲੀ ਕਿਹਾ ਜਾਂਦਾ ਹੈ। ਬਹਾਵਲਪੁਰ ਦੀ ਹੱਦ ਰਾਜਸਥਾਨ ਦੇ ਨਾਲ਼ ਲੱਗਦੀ ਹੈ। ਇਹ ਬੋਲੀ ਬਹਾਵਲਪੁਰ ਦੇ ਦੁਆਲ਼ੇ ਥਲਾਂ ਅਤੇ ਰੋਹੀ ਦੇ ਇਲਾਕਿਆਂ ਵਿੱਚ ਬੋਲੀ ਜਾਂਦੀ ਹੈ।

14. ਡੇਰੇਵਾਲੀ :- ਇਹ ਬੋਲੀ ਸਿੰਧ ਦਰਿਆ (ਪਾਕਿਸਤਾਨ) ਤੋਂ ਪਾਰ ਅਤੇ ਬਲੋਚਿਸਤਾਨ ਦੀ ਹੱਦ ਤੱਕ ਸਿੰਧ ਦੇ ਥਲਾਂ ਵਿੱਚ ਬੋਲੀ ਜਾਣ ਕਰਕੇ ਇਸ ਨੂੰ ਥਲੀ ਵੀ ਕਹਿੰਦੇ ਹਨ। ਇਸ ਬੋਲੀ ਉੱਤੇ ਸਿੰਧੀ ਜ਼ੁਬਾਨ ਦਾ ਅਸਰ ਪ੍ਰਤੱਖ ਨਜ਼ਰ ਪੈਂਦਾ ਹੈ। ਇਹ ਡੇਰਾ ਇਸਮਾਈਲ ਖ਼ਾਂ, ਡੇਰਾ ਗ਼ਾਜ਼ੀ ਖ਼ਾਂ ਅਤੇ ਰਾਜਨਪੁਰ ਦੇ ਇਲਾਕਿਆਂ ਵਿੱਚ ਬੋਲੀ ਜਾਂਦੀ ਹੈ।

15. ਬਲੋਚੀ :- ਪੰਜਾਬੀ ਦੀ ਇਹ ਉਪ ਬੋਲੀ ਸਰਾਇਕੀ ਤੇ ਸ਼ਾਹਪੁਰੀ ਬੋਲੀਆਂ ਦੇ ਥੋੜ੍ਹੇ ਜਿਹੇ ਪ੍ਰਭਾਵ ਵਾਲੀ ਜਾਪਦੀ ਹੈ ਪਰ ਇਹ ਇਹਨਾਂ ਬੋਲੀਆਂ ਤੋਂ ਵੱਖਰੀ ਬੋਲੀ ਹੈ। ਇਹ ਪਾਕਿਸਤਾਨ ਵਿੱਚ ਵੱਡੇ ਇਲਾਕੇ 'ਚ ਦਰਿਆ ਸਿੰਧ ਦੇ ਦੱਖਣ-ਪੱਛਮ ਅਤੇ ਪੱਛਮੀ ਪੰਜਾਬ ਦੇ ਮੀਆਂਵਾਲੀ, ਟੌਂਕ ਤੇ ਲੱਕੀ ਮਰਵਤ, ਲਈਆ ਅਤੇ ਮੁਜ਼ੱਫ਼ਰਗੜ੍ਹ ਦੇ ਇਲਾਕਿਆਂ ਵਿੱਚ ਬੋਲੀ ਜਾਂਦੀ ਹੈ।

16. ਜਫ਼ਰੀ/ਖੇਤਰਾਨੀ :- ਇਹ ਡੇਰੇਵਾਲੀ, ਬਲੋਚੀ ਤੇ ਸਿੰਧੀ ਦੇ ਅਸਰ ਵਾਲ਼ੀ ਬੋਲੀ ਪਾਕਿਸਤਾਨ ਦੇ ਡੇਰਾਜ਼ਾਤ, ਮੂਸਾਖੇਲ ਤੇ ਬਰਖ਼ਾਨ ਤਹਿਸੀਲਾਂ ਵਿੱਚ ਬੋਲੀ ਜਾਂਦੀ ਹੈ। ਇਹ ਇਲਾਕਾ ਸਿੰਧ ਦਰਿਆ ਤੋਂ ਪਾਰ ਪੈਂਦਾ ਹੈ।

17. ਜੰਡਾਲੀ :- ਇਹ ਬੋਲੀ ਪਾਕਿਸਤਾਨ ਵਿੱਚ ਚਕਵਾਲ ਜ਼ਿਲ੍ਹੇ ਵਿੱਚਲੀ ਤਲਕੰਗ ਤਹਿਸੀਲ ਅਤੇ ਆਲ਼ੇ-ਦੁਆਲ਼ੇ ਦੇ ਇਲਾਕੇ ਵਿੱਚ ਬੋਲੀ ਜਾਂਦੀ ਹੈ। ਇਹ ਹਿੰਦਕੋ ਦੇ ਅਸਰ ਵਾਲ਼ੀ ਬੋਲੀ ਹੈ।

18. ਛਾਛੀ :- ਇਹ ਬੋਲੀ ਵੀ ਪਾਕਿਸਤਾਨ ਵਿੱਚ ਦਰਿਆ ਸਿੰਧ ਦੇ ਕੰਢੇ ਤੇ ਵਸਦੇ ਛੱਛ ਇਲਾਕੇ ਦੀ ਬੋਲੀ ਹੈ। ਇਹ ਅਟਕ, ਹਜ਼ਾਰੇ ਸਣੇ ਖ਼ੈਬਰ ਪਖ਼ਤੂਨ ਦੇ ਕੁਝ ਇਲਾਕਿਆਂ ਵਿੱਚ ਬੋਲੀ ਜਾਂਦੀ ਹੈ।

Scanned by CamScanner

19. ਘੇਬੀ:- ਇਹ ਬੋਲੀ ਪਾਕਿਸਤਾਨ ਵਿੱਚ ਅਟਕ ਦਰਿਆ ਦੀ ਘਾਟੀ ਵਿੱਚ ਘੇਬਾ ਕਬੀਲੇ ਦੇ ਲੋਕਾਂ ਦੀ ਬੋਲੀ ਹੈ ਜੋ ਜੇਹਲਮ ਤੋਂ ਉਰੇ ਦਰਿਆ ਦੇ ਨਾਲ਼-ਨਾਲ਼ ਵੱਸਦੇ ਹਨ। ਇਹ ਬੋਲੀ ਅਟਕ ਜ਼ਿਲ੍ਹੇ ਦੀਆ ਤਹਿਸੀਲਾਂ ਪਿੰਡੀ ਗਹੀਬ ਅਤੇ ਫ਼ਤਿਹਜੰਗ ਵਿੱਚ ਬੋਲੀ ਜਾਂਦੀ ਹੈ।

20. ਕੋਹਾਟੀ :- ਪਾਕਿਸਤਾਨ ਵਿੱਚ ਵਗਦੇ ਜਿਹਲਮ ਦਰਿਆ ਤੋਂ ਪਾਰਲੇ ਇਲਾਕੇ ਖ਼ੈਬਰ ਪਖ਼ਤੂਨ ਸੂਬੇ ਦੇ ਜ਼ਿਲ੍ਹੇ ਕੁਹਾਟੀ ਵਿੱਚ ਬਹੁਤੇ ਲੋਕ ਦਰਿਆ ਦੇ ਨਾਲ਼-ਨਾਲ਼ ਵੱਸਣ ਵਾਲ਼ੇ ਕੋਹਾਟੀ ਬੋਲਦੇ ਹਨ। ਇਹ ਸੁਣਨ ਨੂੰ ਤਾਂ ਹਿੰਦਕੋ ਵਰਗੀ ਲੱਗਦੀ ਹੈ ਪਰ ਇਸ ਦਾ ਲਹਿਜ਼ਾ ਥੋੜਾ ਜਿਹਾ ਫ਼ਰਕ ਵਾਲ਼ਾ ਹੈ। ਇਹ ਇੱਥੋਂ ਦੇ ਮੂਲ ਲੋਕਾਂ ਦੀ ਬੋਲੀ ਹੈ। ਆਸੇ ਪਾਸੇ ਪਸ਼ਤੋ ਬੋਲਦੇ ਹਨ। ਕੋਹਾਟੀ ਨੂੰ ਪੰਜਾਬੀ ਦਾ ਲਹਿਜ਼ਾ ਮੰਨਿਆ ਜਾਂਦਾ ਹੈ।

21. ਝੰਗਵੀਂ ਜਾਂ ਝੰਗੋਚੀ :- ਪਾਕਿਸਤਾਨ ਵਿਚਲਾ ਉਹ ਇਲਾਕਾ ਜਿੱਥੇ ਦੋ ਦਰਿਆ ਜਿਹਲਮ ਅਤੇ ਝਨਾਂ ਆਪਸ ਵਿੱਚ ਆਣ ਕੇ ਮਿਲਦੇ ਹਨ, ਉਸ ਦੋਆਬ ਨੂੰ ਝਜ ਦੋਆਬ ਦਾ ਇਲਾਕਾ ਕਿਹਾ ਜਾਂਦਾ ਹੈ। ਇਥੇ ਦੇ ਲੋਕਾਂ ਦੀ ਬੋਲੀ ਨੂੰ ਝੰਗੋਚੀ ਤੇ ਰਚਨਾਵੀ ਵੀ ਕਿਹਾ ਜਾਂਦਾ ਹੈ। ਇਹ ਬੋਲੀ ਝਨਾਂ ਦੇ ਨਾਲ਼ ਨਾਲ਼ ਰਾਵੀ ਵੱਲ ਨੂੰ ਸ਼ੋਰਕੋਟ ਤੇ ਰਾਵੀ ਟੱਪ ਕੇ ਬਿਲਾਵਲਪੁਰ, ਕਬੀਰਵਾਲ਼ ਅਤੇ ਖਾਨੇਵਾਲ਼ ਤੱਕ ਵੱਡੇ ਇਲਾਕੇ ਵਿੱਚ ਬੋਲੀ ਜਾਂਦੀ ਹੈ। ਇਸ ਮੈਦਾਨੀ ਇਲਾਕੇ ਦੀ ਬੋਲੀ ਹੈ।

22. ਸ਼ਾਹਪੁਰੀ :- ਇਹ ਜਿਹਲਮ ਅਤੇ ਝਨਾਂ ਦੇ ਦੋਆਬ ਤੋਂ ਲੈਕੇ ਸਿੰਧ ਦਰਿਆ ਤੱਕ ਸਰਗੋਧੇ ਦੇ ਇਲਾਕੇ ਵਿੱਚ ਬੋਲੀ ਜਾਂਦੀ ਹੈ। ਇਹ ਬੋਲੀ ਸ਼ਾਹਪੁਰ, ਸਰਗੋਧਾ, ਖ਼ੁਸ਼ਾਬ, ਮੀਆਂਵਾਲੀ, ਚਿਨਿਓਟ ਅਤੇ ਮੰਡੀ ਬਹਾਉਦੀਨ ਦੇ ਕੁੱਝ ਇਲਾਕੇ ਵਿੱਚ ਬੋਲੀ ਜਾਂਦੀ ਮੈਦਾਨੀ ਇਲਾਕੇ ਦੀ ਬੋਲੀ ਹੈ।

23. ਜਾਂਗਲੀ :- ਇਹ ਪਾਕਿਸਤਾਨ ਵਿੱਚ ਬਾਰ (ਬੇਅਬਾਦ) ਇਲਾਕਿਆਂ ਦੇ ਵਿੱਚ ਨਹਿਰੀ ਕਲੋਨੀਆਂ ਵਸਾਏ ਜਾਣ ਤੋਂ ਪਹਿਲਾਂ ਲਾਇਲਪੁਰ ਤੋਂ ਸਾਹੀਵਾਲ ਤੱਕ ਬਾਰ ਦੇ ਇਲਾਕੇ ਵਿੱਚ ਵੱਸਦੇ ਮੂਲ ਲੋਕਾਂ ਦੀ ਬੋਲੀ ਹੈ।

(ਪੋਠੋਹਾਰੀ ਬੋਲੀਆਂ) 24. ਪੋਠੋਹਾਰੀ :- ਪਾਕਿਸਤਾਨ ਵਿੱਚ ਪਖ਼ਤੂਨ ਦੀ ਹੱਦ ਤੋਂ ਜਿਹਲਮ ਦੇ ਨਾਲ਼ ਅਰਧ ਪਹਾੜੀ ਇਲਾਕੇ ਪੋਠੋਹਾਰ - ਰਾਵਲਪਿੰਡੀ (ਇਸਲਾਮਾਬਾਦ) ਐਬਟਾਬਾਦ, ਮਰੀ, ਗੁੱਜਰਖ਼ਾਨ, ਕਸ਼ਮੀਰ ਦੇ ਰਵਾਲਕੋਟ ਅਤੇ ਮੀਰਪੁਰ ਤੱਕ ਵੱਡੇ ਇਲਾਕੇ ਵਿੱਚ ਲੋਕ ਪੋਠੋਹਾਰੀ ਬੋਲੀ ਬੋਲਦੇ ਹਨ।


25. ਹਿੰਦਕੋ :- ਇਹ ਬੋਲੀ ਹਿੰਦੂਕੁਸ਼ ਦੇ ਪਹਾੜਾਂ, ਖ਼ੈਬਰ ਖਖ਼ਤੂਨ ਦੇ ਐਬਟਾਬਾਦ, ਹਰੀਪੁਰ, ਮਾਨਸੇਹਰਾ, ਬਟਗਰਾਮ, ਪਿਸ਼ਾਵਰ, ਅਟਕ ਅਤੇ ਕਸ਼ਮੀਰ ਦੇ ਕੁਝ ਹਿੱਸੇ 'ਚ ਬੋਲੀ ਜਾਂਦੀ ਹੈ।

26. ਧਾਨੀ :- ਪੋਠੋਹਾਰ ਦੀ ਇਹ ਬੋਲੀ ਧਨਿਆਲ ਘਾਟੀ (ਰਾਵਲਪਿੰਡੀ ਡਵੀਜ਼ਨ), ਚਕਵਾਲ, ਜਿਹਲਮ ਅਤੇ ਅਟਕ ਦੇ ਇਲਾਕਿਆਂ ਵਿੱਚ ਬੋਲੀ ਜਾਂਦੀ ਹੈ।

—o—

ਜਗਤਾਰ ਸਿੰਘ ਸੋਖੀ
94171 66386

Scanned by CamScanner




Scanned by CamScanner

ਪ੍ਰਸ਼ਨ 4. ਠੀਕ ਵਾਕਾਂ ਦੇ ਸਾਹਮਣੇ (✓) ਅਤੇ ਗ਼ਲਤ ਵਾਕਾਂ ਦੇ ਸਾਹਮਣੇ (x) ਦਾ ਨਿਸ਼ਾਨ ਲਗਾਓ :

(1) ਪੰਜਾਬੀ ਸਾਡੀ ਅੰਤਰ-ਰਾਸ਼ਟਰੀ ਭਾਸ਼ਾ ਹੈ। ......

(2) ਅੰਮ੍ਰਿਤਸਰ ਦੀ ਉਪ-ਬੋਲੀ ਮਲਵਈ ਹੈ। .......

(3) ਬੋਲ ਚਾਲ ਦੀ ਬੋਲੀ ਨੂੰ ਮੌਖਿਕ ਭਾਸ਼ਾ ਵੀ ਕਿਹਾ ਜਾਂਦਾ ਹੈ ......

(4) ਟਕਸਾਲੀ ਬੋਲੀ ਨੂੰ ਸਾਹਿਤਕ ਬੋਲੀ ਵੀ ਕਿਹਾ ਜਾਂਦਾ ਹੈ।

(5) ਉਪ- ਬੋਲੀ ਕਿਸੇ ਖ਼ਾਸ ਇਲਾਕਿਆਂ ਵਿੱਚ ਬੋਲੀ ਜਾਂਦੀ ਹੈ। ......

ਪ੍ਰਸ਼ਨ 5. ਹੇਠ ਲਿਖੇ ਇਲਾਕਿਆਂ ਦੀਆਂ ਉਪ- ਬੋਲੀਆਂ ਦੇ ਨਾਂ ਲਿਖੋ :

| ਇਲਾਕਾ | ਉਪ - ਬੋਲੀ ਦਾ ਨਾਂ |
|---|---|
| (1) ਫ਼ਿਰੋਜ਼ਪੁਰ ਅਤੇ ਮੋਗਾ | ---------- |
| (2) ਰੋਪੜ ਅਤੇ ਮੁਹਾਲੀ | ---------- |
| (3) ਜਲੰਧਰ ਅਤੇ ਕਪੂਰਥਲਾ | ---------- |
| (4) ਅੰਮ੍ਰਿਤਸਰ ਅਤੇ ਲਹੌਰ | ---------- |
| (5) ਬਠਿੰਡਾ ਅਤੇ ਮਾਨਸਾ | ---------- |

ਪ੍ਰਸਨ 6. ਹੇਠ ਲਿਖੇ ਬੋਲ ਵੱਖ- ਵੱਖ ਉਪ- ਬੋਲੀਆਂ ਦੇ ਹਨ, ਇਹਨਾਂ ਨੂੰ ਸਾਹਿਤਕ ਬੋਲੀ ਦਾ ਰੂਪ ਦਿਓ। (ਆਪਣੇ ਅਧਿਆਪਕ ਦੀ ਮਦਦ ਨਾਲ਼)

| | |
|---|---|
| 1 ਮਹਿੰ .... | 6. ਅਸਾਂ ਨੂੰ ----- |
| 2. ਜਮਾਂਈ .... | 7. ਆਖ ਸੂ ---- |
| 3 ਕਿਮੇਂ .... | 8. ਤੀਮੀਂ ------ |
| 4. ਤਰਿੱਖਾ ... | 9. ਬੀਰ ------ |
| 5. ਅਗਾੜੀ ... | 10. ਤੈਂਡੇ ------ |

Scanned by CamScanner

# ਲਿਪੀ

ਲਿਪੀ : ਹਰ ਬੋਲੀ ਕੁਝ ਕੁ ਚਿੰਨ੍ਹਾਂ ਦੁਆਰਾ ਲਿਖੀ ਜਾਂਦੀ ਹੈ, ਜੋ ਵੱਖ-ਵੱਖ ਅਵਾਜ਼ਾਂ ਨੂੰ ਪ੍ਰਗਟਾਉਂਦੇ ਹਨ। ਇਹਨਾਂ ਚਿੰਨ੍ਹਾਂ ਦੇ ਸਮੂਹ ਨੂੰ ਭਾਸ਼ਾ ਦੀ ਲਿਪੀ ਕਿਹਾ ਜਾਂਦਾ ਹੈ।

ਭਾਸ਼ਾ ਜਾਂ ਬੋਲੀ ਨੂੰ ਲਿਖਤੀ ਰੂਪ ਵਿੱਚ ਪ੍ਰਗਟ ਕਰਨ ਲਈ ਜਿਹੜੇ ਅੱਖਰਾਂ ਅਤੇ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉਹਨਾਂ ਦੇ ਸਮੂਹ ਨੂੰ ਲਿਪੀ ਕਹਿੰਦੇ ਹਨ।

ਹਰ ਭਾਸ਼ਾ ਦੀ ਆਪਣੀ ਲਿਪੀ ਹੁੰਦੀ ਹੈ। ਉਸ ਲਿਪੀ ਵਿੱਚ ਹੀ ਉਸ ਭਾਸ਼ਾ ਨੂੰ ਸਫ਼ਲਤਾ ਨਾਲ਼ ਲਿਖਿਆ ਜਾਂਦਾ ਹੈ। ਪੰਜਾਬੀ ਭਾਸ਼ਾ ਨੂੰ ਲਿਖਣ ਲਈ ਗੁਰਮੁਖੀ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ। ਲਿਪੀ ਬੋਲੀ ਦਾ ਪਹਿਰਾਵਾ ਹੈ।

ਮਨੁੱਖ → ਬੋਲੀ
ਪਹਿਰਾਵਾ → ਲਿਪੀ

| ਭਾਸ਼ਾ | ਲਿਪੀ |
| --- | --- |
| ਪੰਜਾਬੀ | ਗੁਰਮੁਖੀ |
| ਹਿੰਦੀ / ਸੰਸਕ੍ਰਿਤ | ਦੇਵਨਾਗਰੀ |
| ਉਰਦੂ / ਫ਼ਾਰਸੀ | ਸ਼ਾਹਮੁਖੀ |
| ਜਰਮਨ | ਰੋਮਨ |
| ਅੰਗਰੇਜ਼ੀ | ਲਾਤੀਨੀ |
| ਬੰਗਲਾ | ਬਾਂਗਲਾ |

**ਗੁਰਮੁਖੀ ਲਿਪੀ:** ਪੰਜਾਬੀ ਭਾਸ਼ਾ ਨੂੰ ਲਿਖਣ ਲਈ ਗੁਰਮੁਖੀ ਲਿਪੀ ਇੱਕ ਵਿਗਿਆਨਿਕ, ਢੁੱਕਵੀਂ ਤੇ ਫੱਬਵੀਂ ਲਿਪੀ ਹੈ। ਵਰਨਾਂ ਜਾਂ ਅੱਖਰਾਂ ਨੂੰ ਜਦ ਨਿਸ਼ਚਿਤ ਤਰਤੀਬ ਅਨੁਸਾਰ ਲਿਖਿਆ ਜਾਂਦਾ ਹੈ ਤਾਂ ਉਸ ਨੂੰ ਵਰਨਮਾਲਾ ਕਿਹਾ ਜਾਂਦਾ ਹੈ। ਗੁਰਮੁਖੀ ਅੱਖਰਾਂ ਨੂੰ ਜਦ ਨਿਸਚਿਤ ਤਰਤੀਬ ਵਿੱਚ ਰੱਖਿਆ ਜਾਂਦਾ ਹੈ ਤਾਂ ਉਸ ਨੂੰ ਗੁਰਮੁਖੀ ਵਰਨਮਾਲਾ ਕਿਹਾ ਜਾਂਦਾ ਹੈ। ਪੰਜਾਬੀ ਵਰਨਮਾਲਾ ਵਿੱਚ ਪਹਿਲਾਂ 35 ਅੱਖਰ ਸਨ, ਇਸ ਕਰਕੇ ਇਸ ਨੂੰ 'ਪੈਂਤੀ ਅੱਖਰੀ' ਵੀ ਕਿਹਾ ਜਾਂਦਾ ਸੀ। ਫਿਰ ਅਰਬੀ ਅਤੇ ਫ਼ਾਰਸੀ ਧੁਨੀਆਂ ਨੂੰ ਅੰਕਿਤ ਕਰਨ ਲਈ ਪੰਜ ਅੱਖਰਾਂ ਸ ਖ ਗ ਜ ਅਤੇ ਫ ਦੇ ਪੈਰ ਵਿੱਚ ਬਿੰਦੀ ਲਗਾ ਕੇ ਸ਼ ਖ਼ ਗ਼ ਜ਼ ਅਤੇ ਫ਼ ਅੱਖਰ ਬਣਾ ਲਏ ਗਏ। ਪੈਪਸੂ ਰਿਆਸਤ ਵੇਲ਼ੇ ਪੰਜਾਬੀ ਵਿਭਾਗ ਪਟਿਆਲਾ ਦੇ ਵੱਲੋਂ ਲ ਦੀ ਤਾਲਵੀਂ ਅਵਾਜ਼ ਪੈਦਾ ਕਰਨ ਲਈ ਲ ਦੇ ਪੈਰ ਬਿੰਦੀ ਲ਼ ਲਗਾ ਕੇ ਇਹ ਅੱਖਰ ਸ਼ਾਮਲ ਕਰਨ ਨਾਲ਼ ਇਹਨਾਂ ਦੀ ਗਿਣਤੀ 41 ਹੋ ਗਈ ਹੈ।

Scanned by CamScanner

ਗੁਰਮੁਖੀ ਵਰਨਮਾਲਾ ਨੂੰ ਅੱਠ ਵਰਗਾਂ ਵਿੱਚ ਵੰਡਿਆ ਗਿਆ ਹੈ:

| | |
|---|---|
| ਮੁੱਖ ਵਰਗ | ੳ ਅ ੲ ਸ ਹ |
| ਕ ਵਰਗ | ਕ ਖ ਗ ਘ ਙ |
| ਚ ਵਰਗ | ਚ ਛ ਜ ਝ ਞ |
| ਟ ਵਰਗ | ਟ ਠ ਡ ਢ ਣ |
| ਤ ਵਰਗ | ਤ ਥ ਦ ਧ ਨ |
| ਪ ਵਰਗ | ਪ ਫ ਬ ਭ ਮ |
| ਅੰਤਿਮ ਵਰਗ | ਯ ਰ ਲ ਵ ੜ |
| ਨਵੀਨ ਵਰਗ | ਸ਼ ਖ਼ ਗ਼ ਜ਼ ਫ਼ ਲ਼ |

ਉੱਤਰੀ ਭਾਰਤ ਦੀਆਂ ਵਰਤਮਾਨ ਲਿਪੀਆਂ ਵਧੇਰੇ ਕਰਕੇ ਬ੍ਰਹਿਮੀ ਲਿਪੀ ਤੋਂ ਵਿਕਸਿਤ ਹੋਈਆਂ। ਬ੍ਰਹਿਮੀ ਤੋਂ ਗੁਪਤ ਲਿਪੀ, ਗੁਪਤ ਲਿਪੀ ਤੋਂ ਕੁਟਿਲ ਲਿਪੀ ਤੇ ਸਿਧੰ ਲਿਪੀ। ਇਹਨਾਂ ਤੋਂ ਅੱਗੇ ਸ਼ਾਰਦਾ, ਟਾਕਰੀ ਅਤੇ ਗੁਰਮੁਖੀ ਲਿਪੀ ਦਾ ਵਿਕਾਸ ਹੋਇਆ।

ਪੰਜਾਬ ਦੀਆਂ ਪ੍ਰਸਿੱਧ ਲਿਪੀਆਂ ਦੀਆਂ ਵਰਨਮਾਲਾਵਾਂ

| ਲਿਪੀ ਦਾ ਨਾਮ | ਸ੍ਵਰ | ਵਿਅੰਜਨ | ਕੁੱਲ ਅੱਖਰ |
|---|---|---|---|
| ਸ਼ਾਰਦਾ | 4 | 33 | 37 |
| ਟਾਕਰੀ | 4 | 33 | 37 |
| ਲੰਡੇ | 3 | 27 | 30 |
| ਗੁਰਮੁਖੀ | 3 | 32 | 35 |

ਟਾਕਰੀ ਵਿੱਚ 'ੜ' ਨਹੀਂ ਹੈ। ਗੁਰਮੁਖੀ ਦੇ 7 ਅੱਖਰ ਤਾਂ ਸ਼ਾਰਦਾ ਨਾਲ ਬਿਲਕੁਲ ਮੇਲ ਖਾਂਦੇ ਹਨ ਅਤੇ 12 ਕਾਫ਼ੀ ਮਿਲਦੇ ਹਨ। ਟਾਕਰੀ ਦੇ 15 ਅੱਖਰ (ੳ, ਹ, ਖ, ਗ, ਘ, ਟ, ਠ, ਡ, ਤ, ਥ, ਪ, ਫ, ਭ, ਰ, ਵ) ਤਾਂ ਸਾਂਝੇ ਹਨ ਅਤੇ ਪੰਜ (ਚ, ਢ, ਦ, ਧ, ਲ) ਕਾਫ਼ੀ ਮਿਲਦੇ ਹਨ। ਛੇ ਅੱਖਰ (ਕ, ਛ, ਜ, ਵ, ਮ, ਯ) ਥੋੜੇ, ਥੋੜ੍ਹੇ ਮਿਲਦੇ ਹਨ। ਲਗਾਂ ਅਤੇ ਮਾਤਰਾਵਾਂ ਵੀ ਮਿਲਦੀਆਂ ਹਨ।

ਪੰਜਾਬ ਵਿੱਚ ਕਿਸੇ ਵੇਲੇ ਸਿੱਧੰ ਲਿਪੀ ਦਾ ਜ਼ੋਰ ਸੀ ਤੇ ਗੁਰਮੁਖੀ ਲਿਪੀ ਉਸੇ ਦੀ ਵਾਰਿਸ ਹੈ। ਲਿਪੀ ਵਿਕਾਸ ਕੋਈ ਅਚਨਚੇਤ ਘਟਨਾ ਨਹੀਂ ਹੈ।

Scanned by CamScanner

# ਗੁਰਮੁਖੀ ਲਿਪੀ ਸੰਖੇਪ ਖੋਜ

ਉੱਤਰੀ ਭਾਰਤ ਦੀਆਂ ਵਰਤਮਾਨ ਲਿਪੀਆਂ ਵਧੇਰੇ ਕਰਕੇ ਬ੍ਰਹਿਮੀ ਲਿਪੀ ਤੋਂ ਵਿਕਸਿਤ ਹੋਈਆਂ। ਬ੍ਰਹਿਮੀ ਤੋਂ ਗੁਪਤ ਲਿਪੀ, ਗੁਪਤ ਤੋਂ ਕੁਟਿਲ ਲਿਪੀ ਤੇ ਸਿਧੰ ਲਿਪੀ। ਇਹਨਾਂ ਤੋਂ ਅੱਗੇ ਸ਼ਾਰਦਾ, ਟਾਕਰੀ ਅਤੇ ਗੁਰਮੁਖੀ ਲਿਪੀ ਦਾ ਵਿਕਾਸ ਹੋਇਆ।

ਗੁਰਮੁਖੀ ਨਾਮ ਤਾਂ ਭਾਵੇਂ ਚਾਰ ਪੰਜ ਸੌ ਵਰੇ, ਤੋਂ ਵੱਧ ਪੁਰਾਣਾ ਨਾ ਹੋਵੇ ਪਰ ਇਸ ਲਿਪੀ ਦੇ ਅੱਖ਼ਰ ਸਦੀਆਂ ਪੁਰਾਣੇ ਹਨ। ਅਧੁਨਿਕ ਖੋਜਾਂ ਅਨੁਸਾਰ ਸ਼ਾਇਦ 'ਸਿਧ ਮਾਤ੍ਰਿਕਾ' ਜਾਂ 'ਸਿੱਧੰ ਲਿਪੀ' ਹੀ ਸਾਡੀ ਗੁਰਮੁਖੀ ਲਿਪੀ ਦੀ ਜਠੇਰੀ ਹੈ। ਅਰਧਨਾਗਰੀ ਵੀ ਇਸੇ ਦੀ ਅੰਸ ਬੰਸ ਹੈ।

ਪੰਜਾਬੀ ਪੈਂਤੀ ਵਿਚਲੇ ਘੱਟੋ-ਘੱਟ ਇੱਕੀ ਅੱਖ਼ਰ ਤਾਂ ਮਾੜੇ ਮੋਟੇ ਫ਼ਰਕ ਦੇ ਨਾਲ਼ ਪੁਰਾਤਨ ਸ਼ਿਲਾਲੇਖਾਂ ਵਿੱਚ ਨਜ਼ਰ ਆਉਂਦੇ ਹਨ।

ਪੰਜਾਬ ਦੀਆਂ ਪ੍ਰਸਿੱਧ ਲਿਪੀਆਂ ਦੀਆਂ ਵਰਨਮਾਲਾਵਾਂ

| ਲਿਪੀ ਦਾ ਨਾਮ | ਸ੍ਵਰ | ਵਿਅੰਜਨ | ਕੁੱਲ ਅੱਖ਼ਰ |
|---|---|---|---|
| ਸ਼ਾਰਦਾ | 4 | 33 | 37 |
| ਟਾਕਰੀ | 4 | 33 | 37 |
| ਲੰਡੇ | 3 | 27 | 30 |
| ਗੁਰਮੁਖੀ | 3 | 32 | 35 |

ਟਾਕਰੀ ਵਿੱਚ 'ੜ' ਨਹੀਂ ਹੈ।

ਗੁਰਮੁਖੀ ਦੇ 7 ਅੱਖ਼ਰ ਤਾਂ ਸ਼ਾਰਦਾ ਨਾਲ਼ ਬਿਲਕੁਲ ਮੇਲ ਖਾਂਦੇ ਹਨ ਅਤੇ 12 ਕਾਫ਼ੀ ਮਿਲਦੇ ਹਨ।

ਟਾਕਰੀ ਦੇ 15 ਅੱਖ਼ਰ ( ੳ, ਹ, ਖ, ਗ, ਘ, ਟ, ਠ, ਡ, ਤ, ਥ, ਪ, ਫ, ਭ, ਰ, ਵ) ਤਾਂ ਸਾਂਝੇ ਹਨ। ਪੰਜ (ਚ, ਢ, ਦ, ਧ, ਲ) ਕਾਫ਼ੀ ਮਿਲਦੇ ਹਨ। ਛੇ ਅੱਖ਼ਰ (ਕ, ਛ, ਜ, ਵ, ਮ, ਯ) ਥੋੜੇ, ਥੋੜੇ, ਮਿਲਦੇ ਹਨ। ਲਗਾਂ ਅਤੇ ਮਾਤਰਾਵਾਂ ਵੀ ਮਿਲਦੀਆਂ ਹਨ।

ਇਹ ਲਿਪੀ ਵੈਦਿਕ ਸਮੇਂ ਤੋਂ ਹੀ ਪੰਜਾਬ ਵਿੱਚ ਮੌਜੂਦ ਸੀ ਪਰ ਸਮੇਂ ਦੇ ਨਾਲ਼ ਨਾਲ਼ ਇਸ ਦੇ ਰੂਪ ਬਦਲਦੇ ਗਏ।

ਪੰਜਾਬ ਵਿੱਚ ਕਿਸੇ ਵੇਲ਼ੇ ਸਿੱਧੰ ਲਿਪੀ ਦਾ ਜ਼ੋਰ ਸੀ ਤੇ ਗੁਰਮੁਖੀ ਲਿਪੀ ਉਸੇ ਦੀ ਵਾਰਿਸ ਹੈ। ਲਿਪੀ ਵਿਕਾਸ ਕੋਈ ਅਚਨਚੇਤੀ ਘਟਨਾ ਨਹੀਂ ਹੈ।

Scanned by CamScanner

ਧੁਨੀਆਂ ਦੀਆਂ ਕਿਸਮਾਂ :

1. ਸ੍ਵਰ 2. ਵਿਅੰਜਨ, 3. ਅਨੁਨਾਸਕੀ ਵਿਅੰਜਨ 4. ਦੁੱਤ ਅੱਖਰ

1. ਸ੍ਵਰ – 'ਸ੍ਵਰ' ਅੱਖਰ/ਧੁਨੀਆਂ ਉਹ ਹੁੰਦੀਆਂ ਹਨ ਜੋ ਕਿਸੇ ਅੱਖਰ ਦੀ ਸਹਾਇਤਾ ਤੋਂ ਬਿਨਾਂ ਬੋਲੀਆਂ ਜਾਣ। ਪੰਜਾਬੀ ਵਰਨਮਾਲਾ ਦੇ ਤਿੰਨ ਸ੍ਵਰ ਅੱਖਰ 'ੳ', 'ਅ' ਅਤੇ 'ੲ' ਹਨ। ਇਹਨਾਂ ਤਿੰਨਾਂ ਅੱਖਰਾਂ ਦੇ ਨਾਲ਼ ਲਗਾਂ ਲੱਗ ਕੇ ਦਸ ਸ੍ਵਰ ਧੁਨੀਆਂ ਬਣਦੀਆਂ ਹਨ – ਅ ਆ ਇ ਈ ਉ ਊ ਏ ਐ ਓ ਔ

2. ਵਿਅੰਜਨ – ਵਿਅੰਜਨ ਉਹ ਧੁਨੀਆਂ ਜਾਂ ਅੱਖਰ ਹਨ ਜੋ ਕਿਸੇ ਸ੍ਵਰ ਦੀ ਸਹਾਇਤਾ ਤੋਂ ਬਿਨਾਂ ਨਾ ਬੋਲੇ ਜਾਣ ਅਤੇ ਨਾ ਹੀ ਲਿਖੇ ਜਾਣ। ਗੁਰਮੁਖੀ ਲਿਪੀ ਵਿੱਚ ਸ ਤੋਂ ਲ਼ ਤੱਕ 38 ਵਿਅੰਜਨ ਹਨ।

3. ਅਨੁਨਾਸਕੀ ਵਿਅੰਜਨ : ਇਹ ਉਹ ਅੱਖਰੀ ਧੁਨੀਆਂ ਹਨ ਜਿਨ੍ਹਾਂ ਦੇ ਉਚਾਰਨ ਸਮੇਂ ਕੁੱਝ ਅਵਾਜ਼ਾਂ ਨੱਕ ਵਿੱਚੋਂ ਨਿਕਲਣ। ਗੁਰਮੁਖੀ ਲਿਪੀ ਦੇ ਵਿੱਚ ਇਹ ਪੰਜ (ਙ, ਞ, ਣ, ਨ, ਮ) ਅੱਖਰ ਹਨ।

4. ਦੁੱਤ ਅੱਖਰ (ਸੰਯੁਕਤ ਅੱਖਰ) – ਉਹ ਅੱਖਰ ਜਿਹੜਾ ਦੋ ਅੱਖਰਾਂ ਦੇ ਮੇਲ ਤੋਂ ਬਣੇ ਉਸ ਨੂੰ ਦੁੱਤ ਅੱਖਰ ਕਿਹਾ ਜਾਂਦਾ ਹੈ। ਇਸ ਵਿੱਚ ਇੱਕ ਅੱਖਰ ਦੂਜੇ ਅੱਖਰ ਦੇ ਪੈਰ ਵਿੱਚ ਲਿਖਿਆ ਜਾਂਦਾ ਹੈ ਅਤੇ ਦੋਵੇਂ ਮਿਲ਼ ਕੇ ਇੱਕ ਅਵਾਜ਼ ਪੈਦਾ ਕਰਦੇ ਹਨ। ਗੁਰਮੁਖੀ ਲਿਪੀ ਵਿੱਚ ਕੇਵਲ ਤਿੰਨ – ਰ (੍ਰ), ਹ (੍ਹ) ਅਤੇ ਵ (੍ਵ) ਦੁੱਤ ਅੱਖਰ ਹਨ।

ਜਿਵੇਂ – ਪ੍ਰਸ਼ਨ, ਪ੍ਰੇਮ, ਜੜ੍ਹ, ਪੜ੍ਹਾਈ, ਸ੍ਵੈਜੀਵਨੀ, ਸ੍ਵੈਵਿਸ਼ਵਾਸ ਆਦਿ

ਦੁੱਤ ਅੱਖਰ ਨੂੰ ਪੜ੍ਹਨ ਵੇਲ਼ੇ ਪੈਰੀਂ ਪਿਆ ਹੋਇਆ ਅੱਖਰ ਪਹਿਲਾਂ ਤੇ ਲਗ ਬਾਅਦ ਵਿੱਚ ਪੜ੍ਹੀ ਜਾਂਦੀ ਹੈ।

## ਲਗਾਂ – ਮਾਤਰਾ

ਪੰਜਾਬੀ ਧੁਨੀਆਂ ਤੋਂ ਬਣਦੇ ਸ਼ਬਦਾਂ ਨੂੰ ਅੰਕਿਤ ਕਰਨ ਲਈ ਗੁਰਮੁਖੀ ਅੱਖਰਾਂ ਨਾਲ਼ ਕੁੱਝ ਛੋਟੇ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ, ਇਹਨਾਂ ਛੋਟੇ ਚਿੰਨ੍ਹਾਂ ਨੂੰ ਹੀ ਲਗਾਂ ਕਿਹਾ ਜਾਂਦਾ ਹੈ। ਲਗਾਂ ਦਾ ਪ੍ਰਯੋਗ ਅੱਖਰਾਂ ਨਾਲ ਹੀ ਹੁੰਦਾ ਹੈ ਅਤੇ ਇਕੱਲੇ ਤੌਰ ਤੇ ਇਹਨਾਂ ਦਾ ਕੋਈ ਮਹੱਤਵ ਨਹੀਂ ਹੈ।

ਲਗਾਂ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ –

1. ਹ੍ਰਸਵ ਜਾਂ ਲਘੂ ਲਗਾਂ – ਜਿਨ੍ਹਾਂ ਸ੍ਵਰਾਂ ਨੂੰ ਬੋਲਣ ਵਿੱਚ ਥੋੜ੍ਹਾ ਸਮਾਂ ਲੱਗੇ ਜਾਂ ਜਿਨ੍ਹਾਂ ਸ੍ਵਰਾਂ ਦੀ ਧੁਨੀ ਛੋਟੀ ਹੁੰਦੀ ਹੈ, ਉਹਨਾਂ ਨੂੰ ਹ੍ਰਸਵ ਜਾਂ ਲਘੂ ਲਗਾਂ ਕਹਿੰਦੇ ਹਨ। ਪੰਜਾਬੀ ਵਿੱਚ ਇਹ ਤਿੰਨ ਹਨ – ਮੁਕਤਾ, ਸਿਹਾਰੀ ਅਤੇ ਔਂਕੜ।

2. ਦੀਰਘ ਲਗਾਂ – ਜਿਨ੍ਹਾਂ ਸ੍ਵਰਾਂ ਨੂੰ ਬੋਲਣ ਵਿੱਚ ਜ਼ਿਆਦਾ ਸਮਾਂ ਲੱਗੇ ਜਾਂ ਜਿਨ੍ਹਾਂ ਸ੍ਵਰਾਂ ਦੀ ਧੁਨੀ ਲੰਬੀ ਹੁੰਦੀ ਹੈ, ਉਹਨਾਂ ਨੂੰ ਦੀਰਘ ਲਗਾਂ ਕਹਿੰਦੇ ਹਨ। ਪੰਜਾਬੀ ਵਿੱਚ ਇਹ ਸੱਤ ਹਨ – ਕੰਨਾ, ਬਿਹਾਰੀ, ਦੁਲੈਂਕੜ, ਲਾਂ, ਦੁਲਾਵਾਂ, ਹੋੜਾ, ਕਨੌੜਾ।

Scanned by CamScanner

ਸ਼ਬਦਾਂਗ!- ਕਿਸੇ ਸ਼ਬਦ ਦੇ ਉਸ ਭਾਗ ਨੂੰ ਜੋ ਇੱਕ ਹੀ ਬੋਲ ਵਿੱਚ ਬੋਲਿਆ ਜਾਵੇ ਨੂੰ ਸ਼ਬਦਾਂਗ ਕਿਹਾ ਜਾਂਦਾ ਹੈ। ਸ਼ਬਦਾਂਗ ਦੇ ਵਿੱਚ ਲਗਾਂ ਵਾਲ਼ਾ ਇੱਕ ਹੀ ਅੱਖਰ ਹੁੰਦਾ ਹੈ ਅਤੇ ਹੋਰ ਅੱਖਰ ਲਗ ਰਹਿਤ ਹੁੰਦੇ ਹਨ, ਜਿਵੇਂ - ਸਤਲੁਜ = ਸਤ + ਲੁਜ, ਇਸ਼ਟ = ਇ + ਸ਼ਟ, ਕਰਦਾ = ਕਰ + ਦਾ।

## ਲਗਾਂ

ਗੁਰਮੁਖੀ ਲਿਪੀ ਦੀਆਂ ਦਸ ਲਗਾਂ ਹਨ।

| ਕ੍ਰਮਨੰ: | ਨਾਂ | ਚਿੰਨ੍ਹ | ਉਦਾਹਰਨ |
|---|---|---|---|
| 1. | ਮੁਕਤਾ | ਕੋਈ ਚਿੰਨ੍ਹ ਨਹੀਂ | ਕਰਦ, ਸਰਦ, ਗਰਮ |
| 2. | ਕੰਨਾ | ਾ | ਖਾ, ਗਾ, ਚਾ, ਚਾਕ |
| 3. | ਸਿਹਾਰੀ | ਿ | ਸਿਰ, ਦਿਨ ਗਿਣ |
| 4. | ਬਿਹਾਰੀ | ੀ | ਤੀਰ ਹੀਰ ਨਰਮੀ |
| 5. | ਔਂਕੜ | ੁ | ਗੁੜ, ਸੁਣ, ਗੁਣ |
| 6. | ਦੁਲੈਂਕੜ | ੂ | ਸੂਰ, ਹੂਕ, ਸੂਰਜ |
| 7. | ਲਾਂ (ਲਾਵਾਂ) | ੇ | ਸ਼ੇਰ, ਦੇਰ, ਨੇਕ |
| 8. | ਦੁਲਾਵਾਂ | ੈ | ਪੈਰ, ਐਨਕ, ਸੈਰ |
| 9. | ਹੋੜਾ | ੋ | ਘੋੜਾ, ਲੋੜ, ਮੋਰਨੀ |
| 10. | ਕਨੌੜਾ | ੌ | ਕੌਣ, ਧੌਣ, ਫ਼ੌਜ |

ਮੁਕਤਾ: ਪੰਜਾਬੀ ਲਿਖਣ ਸਮੇਂ ਜਿਹੜੇ ਅੱਖਰਾਂ ਨੂੰ ਕੋਈ ਲਗ ਨਹੀਂ ਲੱਗਦੀ, ਉਹਨਾਂ ਨੂੰ ਮੁਕਤਾ ਅੱਖਰ ਕਿਹਾ ਜਾਂਦਾ ਹੈ। ਮੁਕਤਾ 'ਅ' ਸੂਰ ਧੁਨੀ ਦਾ ਚਿੰਨ੍ਹ ਹੈ। ਜਿਵੇਂ - ਘਰ, ਕਰਮ, ਸ਼ਲਗਮ ਆਦਿ।

ਕੰਨਾ: ਕੰਨਾ ਅੱਖਰ ਤੋਂ ਪਿੱਛੋਂ ਲੱਗਦਾ ਹੈ ਅਤੇ ਇਸ ਦੀ ਲੰਬਾਈ ਅੱਖਰ ਤੋਂ ਅੱਧੀ ਹੁੰਦੀ ਹੈ। ਇਹ ਲਗ 'ਆ' ਧੁਨੀ ਦਾ ਚਿੰਨ੍ਹ ਹੈ। ਜਿਵੇ:- ਹਾਰ, ਤਾਰ, ਨਲਕਾ, ਹਰਾ ਆਦਿ।

ਸਿਹਾਰੀ: ਸਿਹਾਰੀ ਅੱਖਰ ਤੋਂ ਪਹਿਲਾਂ ਲੱਗਦੀ ਹੈ। ਇਹ ਲਗ 'ਇ' ਸੂਰ ਧੁਨੀ ਦਾ ਚਿੰਨ੍ਹ ਹੈ। ਜਿਵੇਂ :- ਲਿਖ, ਕਹਿ, ਮਿਰਚ, ਸੁਨਿਆਰ ਆਦਿ।

ਬਿਹਾਰੀ: ਬਿਹਾਰੀ ਅੱਖਰ ਤੋਂ ਪਿੱਛੋਂ ਲੱਗਦੀ ਹੈ। ਇਹ ਲਗ 'ਈ' ਸੂਰ ਧੁਨੀ ਦਾ ਚਿੰਨ੍ਹ ਹੈ। ਜਿਵੇਂ: ਅਮੀਰ, ਸਰਦੀ, ਬਸਤੀ, ਮੀਲ ਆਦਿ।

ਔਂਕੜ: ਔਂਕੜ ਅੱਖਰ ਦੇ ਹੇਠਾਂ ਲਗਾਈ ਜਾਂਦੀ ਹੈ। ਇਹ ਲਗ 'ਉ' ਸੂਰ ਧੁਨੀ ਦਾ ਚਿੰਨ੍ਹ ਹੈ। ਜਿਵੇ:- ਮਨੁੱਖ, ਤੁਰ, ਚੁਸਤ, ਟੁਕੜਾ ਆਦਿ।

ਦੁਲੈਂਕੜ: ਦੁਲੈਂਕੜ ਅੱਖਰ ਦੇ ਹੇਠਾਂ ਲਗਾਈ ਜਾਂਦੀ ਹੈ। ਇਹ ਲਗ 'ਊ' ਸੂਰ ਧੁਨੀ ਦਾ ਚਿੰਨ੍ਹ ਹੈ। ਜਿਵੇ:- ਦੂਰ, ਸੂਰਮਾ, ਸਕੂਲ ਆਦਿ।

Scanned by CamScanner

ਲਾਂ : ਇਹ ਅੱਖਰ ਦੇ ਉੱਤੇ ਲਗਾਈ ਜਾਂਦੀ ਹੈ। ਇਹ ਲਗ 'ਏ' ਸ੍ਵਰ ਧੁਨੀ ਦਾ ਚਿੰਨ੍ਹ ਹੈ। ਜਿਵੇਂ :- ਸ਼ੇਰ, ਦੇਰ, ਸਵੇਰ, ਪਹਾੜੇ, ਦੇਵਤਾ ਆਦਿ।

ਦੁਲਾਵਾਂ : ਇਹ ਅੱਖਰ ਦੇ ਉੱਤੇ ਲਗਾਈ ਜਾਂਦੀ ਹੈ। ਇਹ ਲਗ 'ਐ' ਸ੍ਵਰ ਧੁਨੀ ਦਾ ਚਿੰਨ੍ਹ ਹੈ। ਜਿਵੇਂ :- ਸੈਰ, ਐਨਕ, ਐਤਵਾਰ, ਹੁਸੈਨ ਆਦਿ।

ਹੋੜਾ: ਇਹ ਅੱਖਰ ਦੇ ਉੱਤੇ ਲਗਾਈ ਜਾਂਦੀ ਹੈ, ਪਰ ਜੇ ਅੱਖਰ 'ੳ' ਹੋਵੇ ਤਾਂ 'ੳ' ਦਾ ਮੂੰਹ ਖੁੱਲ੍ਹਾ ਛੱਡ ਦਿੱਤਾ ਜਾਂਦਾ ਹੈ (ਓ)। ਜਿਵੇਂ :- ਓਮ, ਮੋਰ, ਕਟੋਰਾ, ਸੋਮਵਾਰ, ਤੋਰ ਆਦਿ।

ਕਨੌੜਾ: ਇਹ ਲਗ ਅੱਖਰ ਦੇ ਉੱਤੇ ਲਗਾਈ ਜਾਂਦੀ ਹੈ। ਇਹ 'ਔ' ਸ੍ਵਰ ਧੁਨੀ ਦਾ ਚਿੰਨ੍ਹ ਹੈ। ਜਿਵੇਂ :- ਕੌਲ, ਧੌਣ, ਔਕੜ, ਰੌਣਕ, ਦੌਲਤ ਆਦਿ।

ਪੰਜਾਬੀ ਦੀਆਂ ਸਾਰੀਆਂ ਲਗਾਂ ਸਾਰੇ ਵਿਅੰਜਨਾਂ ਨਾਲ਼ ਲੱਗਦੀਆਂ ਹਨ ਪਰ ਸ੍ਵਰ ੳ, ਅ, ੲ ਨਾਲ਼ ਇਹਨਾਂ ਦੀ ਵਰਤੋਂ ਇਸ ਪ੍ਰਕਾਰ ਹੁੰਦੀ ਹੈ:-

ੳ — ਔਂਕੜ, ਦੁਲੈਂਕੜ ਅਤੇ ਹੋੜਾ
ਅ — ਮੁਕਤਾ, ਕੰਨਾ, ਦੁਲਾਵਾਂ ਅਤੇ ਕਨੌੜਾ
ੲ — ਸਿਹਾਰੀ, ਬਿਹਾਰੀ ਅਤੇ ਲਾਂ

ੳ ਅਤੇ ੲ ਤੋਂ ਬਿਨਾਂ ਬਾਕੀ ਸਾਰੇ ਅੱਖਰ ਮੁਕਤਾ ਰੂਪ ਵਿੱਚ ਆ ਸਕਦੇ ਹਨ।

## ਲਗਾਖਰ

ਗੁਰਮੁਖੀ ਲਿਪੀ ਵਿੱਚ ਲਗਾਂ ਦੇ ਨਾਲ਼ ਕੁਝ ਛੋਟੇ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ, ਇਹਨਾਂ ਨੂੰ ਲਗਾਖਰ ਆਖਿਆ ਜਾਂਦਾ ਹੈ। ਲਗਾਂ ਦਾ ਸੰਬੰਧ ਅੱਖਰਾਂ ਨਾਲ਼ ਹੁੰਦਾ ਹੈ। ਅੱਖਰ ਅਤੇ ਲਗ ਦੇ ਮੇਲ ਤੋਂ ਲਗਾਖਰ ਬਣਦਾ ਹੈ। ਗੁਰਮੁਖੀ ਲਿਪੀ ਵਿੱਚ ਤਿੰਨ ਲਗਾਖਰ ਹਨ : ਬਿੰਦੀ, ਟਿੱਪੀ ਅਤੇ ਅਧਕ।

| ਕ੍ਰਮ ਨੰ. | ਲਗਾਖਰ ਦਾ ਨਾਂ | ਚਿੰਨ੍ਹ | ਉਦਾਹਰਨਾਂ |
|---|---|---|---|
| 1. | ਬਿੰਦੀ | ·(ਂ) | ਗੇਂਦ, ਕਾਂ, ਨੀਂਦ |
| 2. | ਟਿੱਪੀ | ੰ | ਸੰਘ, ਤੰਗ, ਚੰਦ |
| 3. | ਅਧਕ | ੱ | ਅੱਕ ਸੱਚ ਪੱਤਾ |

ੳ: ਉਹ ਊਠ ਓਟ

ਅ: ਅਮਰ ਆਮ ਐਨਕ ਔਰਤ

ੲ: ਇਸ ਈਰਖਾ ਏਕਤਾ

Scanned by CamScanner

ਲਗਾਖਰਾਂ ਦੀ ਵਰਤੋਂ :- ਬਿੰਦੀ ਅਤੇ ਟਿੱਪੀ ਨਾਸਕੀ ਸੁਰ ਧੁਨੀ ਨੂੰ ਅੰਕਿਤ ਕਰਨ ਲਈ ਵਰਤੀ ਜਾਂਦੀ ਹੈ। ਦਸ ਲਗਾਂ ਵਿੱਚੋਂ ਜਦ ਕਿਸੇ ਦਾ ਉਚਾਰਨ ਨੱਕ ਰਾਹੀਂ ਹੁੰਦਾ ਹੈ ਤਾਂ ਇਹਨਾਂ ਦੀ ਵਰਤੋਂ ਹੁੰਦੀ ਹੈ। ਦਸਾਂ ਲਗਾਂ ਵਿੱਚੋਂ ਛੇਆਂ ਨਾਲ਼ ਬਿੰਦੀ ਦੀ ਵਰਤੋਂ ਹੁੰਦੀ ਹੈ ਅਤੇ ਚਾਰ ਨਾਲ਼ ਟਿੱਪੀ ਦੀ, ਜਿਵੇਂ :-

**ਬਿੰਦੀ**

ਕੰਨਾ — ਥਾਂ, ਕਾਂ, ਗਾਂ, ਛਾਂ ਆਦਿ।

ਬਿਹਾਰੀ — ਅਸੀਂ, ਤੁਸੀਂ, ਨਹੀਂ, ਮੀਂਹ ਆਦਿ।

ਲਾਂ — ਗੇਂਦ, ਕੇਂਦਰ, ਮੇਂਕ ਆਦਿ।

ਦੁਲਾਵਾਂ — ਕੈਂਚੀ, ਪੈਂਤੀ, ਟੈਂਕੀ, ਬੈਂਤ ਆਦਿ।

ਹੋੜਾ — ਹੋਂਦ, ਜਦੋਂ, ਕਦੋਂ, ਗੋਂਦ ਆਦਿ।

ਕਨੌੜਾ — ਜੌਂ, ਸੌਂ, ਚੌਂਕ, ਚੌਂਗਾ ਆਦਿ।

ਜੇਕਰ ੳ ਨਾਲ਼ ਟਿੱਪੀ ਜਾਂ ਬਿੰਦੀ ਲਗਾਉਣ ਦੀ ਲੋੜ ਪਵੇ ਤਾਂ ੳ ਨਾਲ ਔਂਕੜ ਅਤੇ ਦੁਲੈਂਕੜ ਲੱਗਣ ਸਮੇਂ ਬਿੰਦੀ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ- ਕਿਉਂ, ਉਂਗਲ, ਊਂਘਣਾ ਆਦਿ।

**ਟਿੱਪੀ**

ਮੁਕਤਾ — ਅੰਬ, ਚੰਦ, ਦੰਦ, ਸੰਘ, ਤੰਗ, ਸੰਘਣਾ ਆਦਿ।

ਸਿਹਾਰੀ — ਇੰਜਣ, ਸਿੰਘ, ਹਿੰਗ, ਕਿੰਗ, ਚਿੰਨ੍ਹ, ਆਦਿ।

ਔਂਕੜ — ਸੁੰਘ, ਸੁੰਡ, ਕੁੰਡ, ਚੁੰਝ, ਚੁੰਘ ਆਦਿ।

ਦੁਲੈਂਕੜ — ਗੂੰਜ, ਮੂੰਹ, ਬੂੰਦ, ਰੂੰ, ਮੂੰਗੀ ਆਦਿ।

**ਅੱਧਕ** :- ਇਹ ਦਬਾਓ ਜਾਂ ਬਲ ਦਾ ਚਿੰਨ੍ਹ ਹੈ। ਹਿੰਦੀ ਅਤੇ ਸੰਸਕ੍ਰਿਤ ਵਿੱਚ ਅੱਖਰ ਦੀ ਅਵਾਜ਼ ਨੂੰ ਦੂਹਰੀ ਪ੍ਰਗਟ ਕਰਨ ਲਈ ਅੱਧੇ ਅੱਖਰ ਦੀ ਵਰਤੋਂ ਕੀਤੀ ਜਾਂਦੀ ਹੈ ਪਰ ਪੰਜਾਬੀ ਵਿੱਚ ਜਿਸ ਅੱਖਰ ਦੀ ਅਵਾਜ਼ ਦੂਹਰੀ ਕਰਨੀ ਹੋਵੇ, ਉਸ ਤੋਂ ਪਹਿਲੇ ਅੱਖਰ 'ਤੇ ਅੱਧਕ ਲਾ ਲਿਆ ਜਾਂਦਾ ਹੈ। ਅੱਧਕ ਦੀ ਵਰਤੋਂ ਮੁਕਤਾ, ਸਿਹਾਰੀ ਅਤੇ ਔਂਕੜ ਲਗਾਂ ਨਾਲ਼ ਹੀ ਹੁੰਦੀ ਹੈ।

ਮੁਕਤਾ — ਅੱਕ, ਸੱਕ, ਤੱਕ, ਕੱਤਕ ਆਦਿ।

ਸਿਹਾਰੀ — ਢਿੱਲੀ, ਨਿੱਕਾ, ਹਿੱਕ, ਕਿੱਕਰ ਆਦਿ।

ਔਂਕੜ — ਭੁੱਖਾ, ਰੁੱਖਾ, ਕੁੱਤਾ, ਬੁੱਕਲ ਆਦਿ।

ਵੱਡੀਆਂ ਅਵਾਜ਼ਾਂ ਵਾਲ਼ੀਆਂ (ਦੀਰਘ) ਲਗਾਂ ਨਾਲ਼ ਵੀ ਅੱਧਕ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ :- ਗੈੱਸ, ਪੈੱਨ, ਚੈੱਕ, ਐੱਮ, ਹੈੱਡ-ਮਾਸਟਰ, ਸੈੱਟ, ਸੈੱਕਟਰ ਆਦਿ।

Scanned by CamScanner

# ਅਭਿਆਸ

ਪ੍ਰ. 1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ।

(ੳ) ਲਿਪੀ ਕੀ ਹੁੰਦੀ ਹੈ?

(ਅ) ਗੁਰਮੁਖੀ ਵਰਨਮਾਲਾ ਨੂੰ ਕਿੰਨੇ ਵਰਗਾਂ ਵਿੱਚ ਵੰਡਿਆ ਗਿਆ ਹੈ?

(ੲ) ਮੂਲ ਅੱਖਰ ਕਿਹੜੇ-ਕਿਹੜੇ ਹਨ?

(ਸ) ਵਿਅੰਜਨ ਕਿਸ ਨੂੰ ਕਹਿੰਦੇ ਹਨ? ਪੰਜਾਬੀ ਵਿੱਚ ਕਿੰਨੇ ਵਿਅੰਜਨ ਹਨ?

(ਹ) ਅਨੁਨਾਸਿਕ ਵਿਅੰਜਨ ਕਿਸ ਨੂੰ ਕਹਿੰਦੇ ਹਨ?

(ਕ) ਦੁੱਤ ਅੱਖਰ ਕੀ ਹੁੰਦੇ ਹਨ?

(ਖ) ਲਗਾਂ ਮਾਤਰਾ ਕਿਸ ਨੂੰ ਕਹਿੰਦੇ ਹਨ? ਇਹਨਾਂ ਦੀ ਗਿਣਤੀ ਦੱਸੋ?

(ਗ) ਲਗਾਖਰ ਕਿਸ ਨੂੰ ਕਹਿੰਦੇ ਹਨ?

(ਘ) ਬਿੰਦੀ ਦੀ ਵਰਤੋਂ ਕਿਹੜੀ-ਕਿਹੜੀ ਲਗ ਨਾਲ ਹੁੰਦੀ ਹੈ?

(ਙ) ਟਿੱਪੀ ਦੀ ਵਰਤੋਂ ਕਿਹੜੀ-ਕਿਹੜੀ ਲਗ ਨਾਲ ਹੁੰਦੀ ਹੈ?

(ਚ) ਅਧਕ ਦੀ ਵਰਤੋਂ ਕਦੋਂ ਹੁੰਦੀ ਹੈ?

ਪ੍ਰ. 2. ਹੇਠ ਲਿਖੇ ਸ਼ਬਦਾਂ ਵਿੱਚ ਲਗਾਖਰਾਂ ਦੀ ਗਲਤ ਵਰਤੋਂ ਕੀਤੀ ਗਈ ਹੈ, ਠੀਕ ਕਰਕੇ ਲਿਖੋ:

(ੳ) ਉਂਗਲ ------ (ਅ) ਊੱਘ ...... (ੲ) ਉੰਠ -----

(ਸ) ਉਂਕ ----- (ਹ) ਸੁੰਦਰ ---- (ਕ) ਗੂੰਦ ------

ਪ੍ਰ. 3. ਬਹੁਵਿਕਲਪੀ ਪ੍ਰਸ਼ਨ [ਠੀਕ ਉੱਤਰ ਅੱਗੇ (✓) ਸਹੀ ਦਾ ਨਿਸ਼ਾਨ ਲਗਾਓ।]

1. ਭਾਸ਼ਾ ਨੂੰ ਲਿਖਤੀ ਰੂਪ ਦੇਣ ਲਈ ਲੋੜ ਹੁੰਦੀ ਹੈ:

(ੳ) ਬੋਲੀ ਦੀ (ਅ) ਉਪ-ਬੋਲੀ ਦੀ

(ੲ) ਲਿਪੀ ਦੀ (ਸ) ਵਿਆਕਰਨ ਦੀ

2. ਪੰਜਾਬੀ ਭਾਸ਼ਾ ਲਿਖਣ ਲਈ ਵਰਤੀ ਜਾਂਦੀ ਹੈ:

(ੳ) ਦੇਵ ਨਾਗਰੀ ਲਿਪੀ (ਅ) ਗੁਰਮੁਖੀ ਲਿਪੀ

(ੲ) ਰੋਮਨ ਲਿਪੀ (ਸ) ਸ਼ਾਹਮੁਖੀ ਲਿਪੀ

3. ਹਿੰਦੀ ਭਾਸ਼ਾ ਲਿਖਣ ਲਈ ਵਰਤੀ ਜਾਂਦੀ ਲਿਪੀ:

(ੳ) ਬੰਗਾਲਾ (ਅ) ਫ਼ਾਰਸੀ

(ੲ) ਰੋਮਨ (ਸ) ਦੇਵਨਾਗਰੀ

4. ਗੁਰਮੁਖੀ ਲਿਪੀ ਵਿੱਚ ਕੁਲ ਅੱਖਰ ਹਨ:

(ੳ) 36 (ਅ) 40

(ੲ) 41 (ਸ) 35

Scanned by CamScanner

5. ਗੁਰਮੁਖੀ ਲਿਪੀ ਵਿੱਚ ਸਭ ਤੋਂ ਆਖਿਰ ਤੇ ਕਿਹੜਾ ਅੱਖਰ ਸ਼ਾਮਲ ਕੀਤਾ ਗਿਆ :

(ੳ) ਸ਼ (ਅ) ਗ਼

(ੲ) ਜ਼ (ਸ) ਲ਼

6. ਪੰਜਾਬੀ ਭਾਸ਼ਾ ਕੋਲ਼ ਕਿੰਨੀਆਂ ਲਗਾਂ ਹਨ?

(ੳ) 35 (ਅ) 10

(ੲ) 9 (ਸ) 41

7. ਲਗਾਖਰ ਕਿਹੜੇ - ਕਿਹੜੇ ਹਨ?

(ੳ) ਬਿੰਦੀ, ਟਿੱਪੀ, ਅੱਧਕ (ਅ) ੳ, ਅ, ੲ

(ੲ) ਸ ਤੋਂ ੜ ਤੱਕ ਸਾਰੇ ਅੱਖਰ (ਸ) ਕੇਵਲ ਬਿੰਦੀ

8. ਬਿੰਦੀ ਕਿੰਨ੍ਹੀਆਂ ਮਾਤਰਾਵਾਂ 'ਤੇ ਲੱਗਦੀ ਹੈ?

(ੳ) ਛੇ (ਅ) ਚਾਰ

(ੲ) ਤਿੰਨ (ਸ) ਦੋ

9. ਟਿੱਪੀ ਕਿੰਨੀਆਂ ਮਾਤਰਾਵਾਂ 'ਤੇ ਲੱਗਦੀ ਹੈ?

(ੳ) ਚਾਰ (ਅ) ਦੋ

(ੲ) ਇੱਕ (ਸ) ਤਿੰਨ

10. 'ੳ' ਨਾਲ਼ ਤਿੰਨ ਲਗਾਂ ਲੱਗਦੀਆਂ ਹਨ :

(ੳ) ਔਂਕੜ, ਦੁਲੈਂਕੜ ਅਤੇ ਹੋੜਾ (ਅ) ਕੰਨਾ, ਸਿਹਾਰੀ ਅਤੇ ਬਿਹਾਰੀ

(ੲ) ਮੁਕਤਾ, ਕੰਨਾ ਅਤੇ ਸਿਹਾਰੀ (ਸ) ਲਾਂ, ਦੁਲਾਵਾਂ ਅਤੇ ਕੰਨਾ

11. 'ਅ' ਨਾਲ਼ ਚਾਰ ਲਗਾਂ ਲੱਗਦੀਆਂ ਹਨ!

(ੳ) ਸਿਹਾਰੀ, ਹੋੜਾ, ਬਿਹਾਰੀ, ਲਾਂ (ਅ) ਕਨੌੜਾ, ਦੁਲਾਵਾਂ, ਕੰਨਾ, ਮੁਕਤਾ

(ੲ) ਲਾਂ, ਔਂਕੜ, ਦੁਲੈਂਕੜ, ਸਿਹਾਰੀ (ਸ) ਸਿਹਾਰੀ, ਬਿਹਾਰੀ, ਹੋੜਾ, ਔਂਕੜ

12. 'ੲ' ਨਾਲ਼ ਤਿੰਨ ਲਗਾਂ ਲੱਗਦੀਆਂ ਹਨ!

(ੳ) ਕੰਨਾ, ਦੁਲਾਵਾਂ, ਕਨੌੜਾ (ਅ) ਸਿਹਾਰੀ, ਬਿਹਾਰੀ, ਲਾਂ

(ੲ) ਕਨੌੜਾ, ਹੋੜਾ, ਦੁਲੈਂਕੜ (ਸ) ਦੁਲਾਵਾਂ, ਮੁਕਤਾ, ਔਂਕੜ

ਪ੍ਰ.4. ਖਾਲੀ ਥਾਵਾਂ ਭਰੋ :

(ੳ) ਵਰਨਮਾਲਾ ਨੂੰ ...... ਵਰਗਾਂ ਵਿੱਚ ਵੰਡਿਆ ਜਾਂਦਾ ਹੈ।


(ਅ) ਮੁਕਤਾ ਦਾ ਕੋਈ ..... ਨਹੀਂ ਹੁੰਦਾ।

(ੲ) ਪੰਜਾਬੀ ਵਿੱਚ .... ਲਗਾਖਰ ਹਨ।

(ਸ) ਅੱਧਕ ਦੀ ਵਰਤੋਂ ਅੱਖਰ ਦੀ ..... ਅਵਾਜ਼ ਨੂੰ ਪ੍ਰਗਟਾਉਣ ਲਈ ਹੁੰਦੀ ਹੈ।

(ਹ) ੳ ਨੂੰ .... ਲਗਾਉਣ ਲਈ ੳ ਨੂੰ ਉਪਰੋਂ ਖੋਲ੍ਹ ਦਿੱਤਾ ਜਾਂਦਾ ਹੈ।

ਪ੍ਰ.5. ਹੇਠਾਂ ਦਿੱਤੇ ਮਟਕੇ ਵਿੱਚੋਂ ਅੱਧਕ, ਟਿੱਪੀ, ਬਿੰਦੀ ਦੇ ਸ਼ਬਦ ਕੱਢ ਕੇ ਵੱਖ-ਵੱਖ ਕਰਕੇ ਲਿਖੋ!




| ਅਧਕ | ਟਿੱਪੀ | ਬਿੰਦੀ | |
|---|---|---|---|
| ... — | —.. — | .... | ——— |
| .... | — ——— | —... | ——— |
| | —.. — | —... | ——— |